# ਵਰਲਡ ਪੰਜਾਬੀ ਟਾਈਮਜ਼
# WORLD PUNJABI TIMES

A Punjabi News Protal & Epaper From Winnipeg, Canada

Visit us at : www.worldpunjabitimes.com

Mob: 7973333573, +1 (418) 887-0162

Epaper World Punjabi Times — 05 ਸਤੰਬਰ 2025 ਦਿਨ ਸ਼ੁੱਕਰਵਾਰ — ਈ-ਪੇਪਰ ਵਰਲਡ ਪੰਜਾਬੀ ਟਾਈਮਜ਼


## ਧੰਨ ਧੰਨ ਬਾਬਾ ਨੇਕ ਸਿੰਘ ਜੀ ਦੀ ਬਰਸੀ ਤੇ ਲਗਾਇਆਂ ਸੁਸਾਇਟੀ ਵੱਲੋ ਵਿਸ਼ਾਲ ਖੁਨਦਾਨ ਕੈਂਪ ।

ਵਰਲਡ ਪੰਜਾਬੀ ਟਾਈਮਜ਼



ਫ਼ਰੀਦਕੋਟ 5 ਸਤੰਬਰ : ਬਾਬਾ ਫ਼ਰੀਦ ਜੀ ਬਲੱਡ ਸੇਵਾ ਸੁਸਾਇਟੀ ( ਰਜਿ) ਫ਼ਰੀਦਕੋਟ ਵੱਲੋ ਧੰਨ ਧੰਨ ਬਾਬਾ ਨੇਕ ਸਿੰਘ ਜੀ ਦੀ ਬਰਸੀ ਤੇ ਨਾਨਕਸਰ ਕਲੇਰਾਂ ਵਿਖੇ , ਸੰਗਤ ਦੇ ਸਹਿਯੋਗ ਨਾਲ , ਇਸ ਵਾਰ ਸੁਸਾਇਟੀ ਵੱਲੋ ਵਿਸਾਲ ਖੁਨਦਾਨ ਕੈਂਪ ਲਗਾਇਆਂ ਜਾਵੇਗਾ। ਇਹ ਜਾਣਕਾਰੀ ਪ੍ਰੈਸ ਨਾਲ ਸੁਸਾਇਟੀ ਦੇ ਪ੍ਰੈਸ ਸਕੱਤਰ ਸ਼ਿਵਨਾਥ ਦਰਦੀ ਫ਼ਰੀਦਕੋਟ ਨੇ ਸਾਂਝੀ ਕੀਤੀ।

ਇਸ ਸਮੇ ਸੁਸਾਇਟੀ ਦੇ ਪ੍ਰਧਾਨ ਰਾਜਵੀਰ ਸਿੰਘ ਗੋਲੇਵਾਲਾ, ਮੀਤ ਪ੍ਰਧਾਨ ਗੁਰਦੇਵ ਸਿੰਘ ਗੋਲੇਵਾਲਾ, ਅਮਨਦੀਪ ਨੌਂ ਕਿਲਾਂ, ਹਰਗੁਣ, ਗਿਆਨੀ , ਭੋਲੂਵਾਲਾ, ਸੁਖਵੀਰਸਿੰਘ ਸਕੱਤਰ ,ਸਤਨਾਮ ਮਗੇੜਾ ਖ਼ਜਾਨਚੀ, ਸਲਾਹਕਾਰ ਗੁਰਸੇਵਕ ਸਿੰਘ ਥਾੜਾ, ਮਨੇਜਰ ਜੱਸੀ ਥਾੜਾ, ਸਟੋਕ ਮਨੇਜਰ ਸਵਰਾਜ ਸਿੰਘ ਬਰਾੜ, ਪਾਰਸ , ਮੰਗਾਂ, ਦੋਲਤਪੁਰਾ ਆਦਿ ਹਾਜ਼ਰ ਸਨ।

ਇਸ ਸਮੇ ਸਰਕਾਰੀ ਬਲੱਡ ਬੈਂਕ ਦੀ ਟੀਮ ਪਹੁੰਚੀ ।

## ਆਕਸਫੋਰਡ ਸਕੂਲ ਨੇ ਅਧਿਆਪਕ ਦਿਵਸ ਮੌਕੇ ਹੜ੍ਹ ਪੀੜਤਾਂ ਲਈ ਇੱਕ ਦਿਨ ਦੀ ਤਨਖਾਹ ਦੇ ਕੇ ਕੀਤੀ ਪਹਿਲ ਕਦਮੀ

ਵਰਲਡ ਪੰਜਾਬੀ ਟਾਈਮਜ਼
ਟਿੰਕੂ ਕੁਮਾਰ


ਕੋਟਕਪੂਰਾ/ਬਾਜਾਖਾਨਾ, 5 ਸਤੰਬਰ : ਦ ਆਕਸਫੋਰਡ ਸਕੂਲ ਆਫ਼ ਐਜੂਕੇਸ਼ਨ ਭਗਤਾ ਭਾਈਕਾ ਇੱਕ ਅਜਿਹੀ ਮਾਣਮੱਤੀ ਵਿਦਿਅਕ ਸੰਸਥਾ ਹੈ, ਜੋ ਹਰ ਖੇਤਰ ਵਿੱਚ ਪਹਿਲ ਕਦਮੀ ਦੇ ਆਧਾਰ ’ਤੇ ਕਦਮ ਵਧਾ ਰਹੀ ਹੈ। ਇਹ ਸੰਸਥਾ ਸਮੇਂ-ਸਮੇਂ ਉੱਤੇ




ਸਮਾਜਸੇਵੀ ਕੰਮਾਂ ਲਈ ਵੀ ਹਮੇਸ਼ਾ ਤਤਪਰ ਰਹਿੰਦੀ ਹੈ। ਜਿਵੇਂ ਕਿ ਅਸੀਂ ਜਾਣਦੇ ਹਾਂ ਕਿ ਕਿਸ ਤਰ੍ਹਾਂ ਚਾਰੇ ਪਾਸੇ ਹੜ੍ਹਾਂ ਦੇ ਕਾਰਨ ਮਾਰੂ ਸਥਿੱਤੀ ਬਣੀ ਹੋਈ ਹੈ ਅਤੇ ਸਾਡੇ ਸਾਰੇ ਪੰਜਾਬੀ ਭੈਣ-ਭਾਈ ਘਰੋ-ਬੇਘਰ ਹੋਏ ਪਏ ਹਨ। ਉਹਨਾਂ ਦੀ ਇਸ ਸਥਿੱਤੀ ਨੂੰ ਧਿਆਨ ਵਿੱਚ ਰੱਖਦੇ ਹੋਏ ਸਕੂਲ ਦੀ ਪ੍ਰਬੰਧਕ ਕਮੇਟੀ ਵੱਲੋਂ ਵੱਡੇ ਪੱਧਰ ’ਤੇ ਯੋਗਦਾਨ ਪਾਇਆ ਗਿਆ ਅਤੇ ਅਧਿਆਪਕਾਂ ਵੱਲੋ ਵੀ ਇੱਕ ਦਿਨ ਦੀ ਤਨਖਾਹ ਇਸ ਨੇਕ ਕੰਮ ਦੇ ਲੇਖੇ ਲਾਈ ਗਈ ਹੈ। ਮਾੜਾ ਸਮਾਂ ਹੈ, ਨਿੱਕਲ ਹੀ ਜਾਣਾ ਹੈ ਪਰ ਜੇਕਰ ਅਸੀਂ ਸਾਰੇ ਇੱਕਜੁੱਟ ਹੋ ਜਾਈਏ, ਤਾਂ ਇਹ ਸਮਾਂ ਸੌਖਾ ਲੰਘ ਜਾਣਾ ਹੈ। ਇਸ ਮੌਕੇ ਸਕੂਲ ਦੇ ਪ੍ਰਿੰਸੀਪਲ ਰੂਪ ਲਾਲ ਬਾਂਸਲ ਅਤੇ ਸਕੂਲ ਦੇ ਪ੍ਰਬੰਧਕ ਕਮੇਟੀ ਦੇ ਸਰਪ੍ਰਸਤ ਹਰਦੇਵ ਸਿੰਘ ਬਰਾੜ (ਸਾਬਕਾ ਚੇਅਰਮੈਨ ਮਾਰਕੀਟ ਕਮੇਟੀ ਭਗਤਾ ਭਾਈਕਾ), ਹਰਗੁਰਪ੍ਰੀਤ ਸਿੰਘ (ਚੇਅਰਮੈਨ), ਗੁਰਮੀਤ ਸਿੰਘ ਗਿੱਲ (ਪ੍ਰਧਾਨ), ਪਰਮਪਾਲ ਸਿੰਘ ਸ਼ੈਰੀ (ਵਾਈਸ ਚੇਅਰਮੈਨ) ਅਤੇ ਮੈਨੇਜਮੈਂਟ ਮੈਂਬਰ ਸਾਹਿਬਾਨ ਨੇ ਅਪੀਲ ਕੀਤੀ ਹੈ ਕਿ ਸਾਨੂੰ ਇਸ ਔਖੀ ਘੜੀ ਵਿੱਚ ਲੋਕਾ ਨੂੰ ਹੜ੍ਹ ਪੀੜਤਾਂ ਦੀ ਵੱਧ-ਚੜ੍ਹ ਕੇ ਸਹਾਇਤਾ ਕਰਨੀ ਚਾਹੀਦੀ ਹੈ।

## ਅਧਿਆਪਕ ਦਿਵਸ ’ਤੇ ਵਿਸ਼ੇਸ-ਅਧਿਆਪਕ ਰਾਸ਼ਟਰ ਦੇ ਉਸਰੱਈਏ

ਵਰਲਡ ਪੰਜਾਬੀ ਟਾਈਮਜ਼
ਮਾਸਟਰ ਹਰਭਿੰਦਰ ਸਿੰਘ




ਅਧਿਆਪਕ ਦਾ ਹਰ ਸ਼ਖਸ ਦੇ ਜੀਵਨ ਵਿੱਚ ਅਹਿਮ ਰੋਲ ਹੁੰਦਾ ਹੈ।ਮਾਤਾ ਪਿਤਾ ਤੋਂ ਇਲਾਵਾ ਅਧਿਆਪਕ ਹੀ ਇੱਕ ਅਜਿਹਾ ਇਨਸਾਨ ਹੈ ਜੋ ਆਪਣੇ ਵਿਦਿਆਰਥੀਆਂ ਦੇ ਉਜਵਲ ਭਵਿੱਖ ਬਾਰੇ ਸੋਚਦਾ ਹੈ।ਪਦਾਰਥਵਾਦੀ ਯੁੱਗ ਦੇ ਇਸ ਦੌਰ ਵਿੱਚ ਅਧਿਆਪਕ ਅਜਿਹਾ ਮਨੁੱਖੀ ਮੁਜੱਸਮਾ ਹੈ ਜੋ ਆਪਣੇ ਪੜ੍ਹਾਏ ਬਾਲਾਂ ਨੂੰ ਜਿੰਦਗੀ ਦੀਆਂ ਹਰ ਖੇਤਰ ਵਿੱਚ ਬੁਲੰਦੀਆਂ ਛੂਹਣ ਵਾਸਤੇ ਪ੍ਰੇਰਿਤ ਕਰਦਾ ਹੈ।ਉਹ ਅਧਿਆਪਨ ਕਲਾ ਵਿੱਚ ਪਰਪੱਕ ਹੁੰਦਾ ਹੈ।ਉਹ ਆਪਣੇ ਆਦਰਸ਼ਾਂ ਦੀ ਲੋਅ ਦਾ ਚਾਨਣ ਵਿਦਿਆਰਥੀਆਂ ਨੂੰ ਵੰਡਦਾ ਜਾਂਦਾ ਹੈ।ਯਕੀਨਨ ਸਫਲ ਹੋਇਆ ਹਰ ਮਨੁੱਖ ਆਪ ਮੁਹਾਰੇ ਹੀ ਆਪਣੇ ਅਧਿਆਪਕ ਅੱਗੇ ਝੁਕ ਜਾਂਦਾ ਹੈ।ਆਪਣੇ ਜੀਵਨ ਦੇ ਪੰਧ ਵਿੱਚ ਮਿਲੇ ਆਦਰਸ਼ ਅਧਿਆਪਕਾਂ ਨੂੰ ਆਪਣੇ ਅਧਿਆਪਨ ਜੀਵਨ ਦੇ ਅੰਤ ਤੱਕ ਭੁਲਾਉਣਾ ਅਸੰਭਵ ਹੁੰਦਾ ਹੈ।ਅਧਿਆਪਕ ਨੂੰ ਰਾਸ਼ਟਰ ਦਾ ਨਿਰਮਾਤਾ ਆਖਿਆ ਜਾਂਦਾ ਹੈ ਕਿਓ ਜੋ ਉਹ ਉਹ ਦੇਸ਼,ਕੌਮ ਅਤੇ ਨਰੋਏ ਸਮਾਜ ਦਾ ਉਸਰੱਈਆ ਹੁੰਦਾ ਹੈ।ਆਪਣੇ ਸਾਰਥਕ ਯਤਨਾਂ ਅਤੇ ਉਪਰਾਲਿਆ ਨਾਲ ਅਧਿਆਪਕ ਕੇਵਲ ਗਿਆਨ ਦੇ ਚਾਨਣ ਦੀ ਲੋਅ ਹੀ ਨਹੀਂ ਵੰਡਦਾ ਬਲਕਿ ਉਹ ਆਪਣੇ ਵਿਦਿਆਰਥੀਆਂ ਦੇ ਜੀਵਨ ਵਿੱਚ ਚੌਤਰਫਾ ਨਿਖਾਰ ਲਿਆਉਣ ਹਿੱਤ ਤਤਪਰ ਰਹਿੰਦਾ ਹੈ।ਨੈਤਿਕ,ਸਮਾਜੀ,ਧਾਰਮਿਕ ਸਿੱਖਿਆਵਾਂ ਦੀ ਵਿਗਿਆਨਕ ਪਹੁੰਚ ਅਤੇ ਉਸਾਰੂ ਸੋਚਾਂ ਨਾਲ ਲੈਸ ਅਧਿਆਪਕ ਆਪਣੇ ਕਿੱਤੇ ਦੀ ਸੁਹਿਰਦ ਸੇਵਾ ਦੇ ਨਾਲ ਨਾਲ ਵਿਦਿਆਰਥੀਆਂ ਦੀ ਸਰਵਪੱਖੀ ਸ਼ਖਸੀਅਤ ਨੂੰ ਹੋਰ ਉਘਾੜਦਾ ਹੈ।

ਆਦਰਸ਼ ਅਧਿਆਪਕ ਅਧਿਆਪਨ ਨੂੰ ਕੇਵਲ ਕਿੱਤਾ ਨਾ ਮੰਨਦਿਆਂ ਇਸਨੂੰ ਸੇਵਾ ਸੰਕਲਪ ਨਾਲ ਜੋੜਦਾ ਹੈ।ਅਜੋਕੇ ਦੌਰ ਵਿੱਚ ਅਧਿਆਪਕ ਦੀ ਭੂਮਿਕਾ ਹੋਰ ਵੀ ਮਹੱਤਵਪੂਰਨ ਹੋ ਗਈ ਹੈ ਕਿਓਕਿ ਨੌਜਵਾਨਾਂ ਦਾ ਵਧੇਰੇ ਰੁਝਾਨ ਨਸ਼ਿਆਂ,ਮਾਫੀਆ ਅਤੇ ਡਿੱਗਦੀਆਂ ਸਮਾਜਿਕ ਕਦਰਾਂ ਕੀਮਤਾਂ ਵੱਲ ਹੋ ਤੁਰਿਆ ਹੈ।ਅਜਿਹੇ ਹਾਲਾਤਾਂ ਵਿੱਚ ਵਿਦਿਆਰਥੀਆਂ ਨੂੰ ਉੱਚ ਨੈਤਿਕ ਕਦਰਾਂ ਕੀਮਤਾਂ ਨਾਲ ਜੋੜਦਿਆਂ ਉੰਨ੍ਹਾਂ ਦੀ ਸਰਵਪੱਖੀ ਸ਼ਖਸ਼ੀਅਤ ਨੂੰ ਉਸਾਰਨ ਵਾਲਾ ਅਧਿਆਪਕ ਕਿਸੇ ਦੈਵੀ ਸ਼ਕਤੀ ਤੋਂ ਘੱਟ ਨਹੀ।

ਅਧਿਆਪਕ ਆਪਣੇ ਵਿਦਿਆਰਥੀਆ ਨੂੰ ਕੇਵਲ ਰੁਜਗਾਰ ਦੇ ਯੋਗ ਹੀ ਨਹੀਂ ਬਣਾਉਂਦਾ ਬਲਕਿ ਉੰਨ੍ਹਾਂ ਵਿੱਚ ਚੰਗੇ ਸ਼ਹਿਰੀਆਂ ਵਾਲੇ ਗੁਣ ਭਰਦਾ ਹੈ ਤਾਂ ਜੋ ਕਿ ਉਸਦੇ ਵਿਦਿਆਰਥੀ ਦੇਸ਼ ਦੇ ਸੁਨਹਿਰੇ ਭਵਿੱਖ ਵਿੱਚ ਆਪਣਾ ਯੋਗਦਾਨ ਪਾਉਣ ਦੇ ਸਮਰੱਥ ਹੁੰਦਿਆਂ ਦੇਸ਼ ਵਿੱਚ ਫੈਲੀਆਂ ਅਨੇਕਾਂ ਕੁਰੀਤੀਆਂ ਮਸਲਨ ਭ੍ਰਿਸ਼ਟਾਚਾਰ,ਗਰੀਬੀ,ਭੁੱਖਮਰੀ,ਫਿਰਕਾਪ੍ਰਸਤੀ,ਜਾਤੀਵਾਦ ਦੇ ਖਿਲਾਫ ਲੜਨ ਦੇ ਯੋਗ ਹੋ ਸਕਣ।

ਬਦਲਦੇ ਸਮੇਂ ਦੇ ਸੰਦਰਭ ਵਿੱਚ ਅਧਿਆਪਕ ਨੂੰ ਟੀਚਰ ਦੀ ਬਜਾਇ “ਫੈਸੀਲੀਟੇਟਰ” ਜਾਂ “ਇੰਸਪੀਰੇਟਰ” ਵਜੋਂ ਵੇਖਿਆ ਜਾਣ ਲੱਗਾ ਹੈ।ਅਧਿਆਪਕ ਦੁਆਰਾ ਆਪਣੇ ਵਿਦਿਆਰਥੀਆਂ ਨੂੰ ਸਮਾਜੀ ਕਦਰਾਂ ਕੀਮਤਾਂ ਜਾਂ ਆਲੇ ਦੁਆਲੇ ਪ੍ਰਤੀ ਚੇਤੰਨ ਕਰਨ ਦਾ ਕਾਰਜ ਜੁੰਮੇਵਾਰੀ ਨਾਲ ਨਿਭਾ ਰਿਹਾ ਹੈ।


ਅਧਿਆਪਨ ਦਾ ਕਾਰਜ ਕਮਾਈ ਦਾ ਸਾਧਨ ਨਾ ਹੋ ਕੇ ਇੱਕ ਬਖਸ਼ਿਸ ਹੈ।ਜਦੋਂ ਇੱਕ ਅਧਿਆਪਕ ਅਧਿਆਪਨ ਕਿੱਤੇ ਨੂੰ ਸੇਵਾ ਰੂਪ ਸਮਝਦਿਆਂ ਹੋਇਆਂ ਵਿਦਿਆਰਥੀਆਂ ਵਿੱਚ ਇਮੀਟੇਸ਼ਨ ਜਾਂ ਨਕਲ ਦੇ ਸਿੱਧਾਂਤ ਰਾਹੀਂ ਵਿਚਰਦਿਆਂ ਆਪਣੀ ਪੂਰੀ ਵਾਹ ਲਗਾਉਂਦਾ ਹੈ ਤਾਂ ਉਸ ਅੱਗੇ ਮਨ ਮਸਤਕ ਆਪ ਮੁਹਾਰੇ ਝੁਕ ਜਾਂਦਾ ਹੈ।ਅਧਿਆਪਕ ਦੀ ਸ਼ਖਸੀਅਤ ,ਰਹਿਣੀ ,ਬਹਿਣੀ ਵਿਦਿਆਰਥੀਆਂ ਦੇ ਮਨ ਨੂੰ ਖੂਬ ਟੁੰਬਦੀ ਹੈ।ਅਧਿਆਪਕ ਆਪਣਾ ਜੀਵਨ ਵਿਦਿਆਰਥੀਆਂ ਦੇ ਲੇਖੇ ਲਗਾਉਂਦਾ ਹੈ। ਪਰ ਅਜੋਕੇ ਮਹਿੰਗਾਈ ਦੇ ਯੁੱਗ ਵਿੱਚ ਅਧਿਆਪਕਾਂ ਨੂੰ ਬਣਦਾ ਮਾਣ ਸਨਮਾਨ ਅਤੇ ਉਜਰਤਾਂ ਦਾ ਨਾਂ ਮਿਲਣਾ ਅਧਿਆਪਕਾਂ ਪ੍ਰਤੀ ਸਮਾਜ ਦੀ ਬੇਰੁਖੀ ਰਸਾਉਂਦਾ ਹੈ।ਅਜੋਕਾ ਅਧਿਆਪਕ ਕਈ ਪ੍ਰਕਾਰ ਦੀਆਂ ਮਾਨਸਿਕ ਪ੍ਰੇਸ਼ਾਨੀਆਂ ਨਾਲ ਜੂਝਦਾ ਹੈ।ਅਧਿਆਪਕ ਦੀਆਂ ਅਨੇਕਾਂ ਸ਼੍ਰੇਣੀਆਂ,ਅਸਮਾਨ ਵੇਤਨ ਅਤੇ ਭੱਤਿਆਂ ਸਦਕਾ ਉਹ ਅਨੇਕਾਂ ਆਰਥਿਕ ਦੀਆਂ ਸਮੱਸਿਆਵਾਂ ਨਾਲ ਜੂਝਣ ਵਾਸਤੇ ਮਜਬੂਰ ਹੈ।ਸਰਕਾਰਾਂ ਨੂੰ ਅਧਿਆਪਕਾਂ ਪ੍ਰਤੀ ਫਰਾਕਦਿਲੀ ਵਿਖਾਉਂਦਿਆਂ ਨਰਮ ਰਵੱਈਆ ਅਪਨਾਉਣਾ ਚਾਹੀਦਾ ਹੈ ਤਾਂ ਜੋ ਕਿ ਉਹ ਦੇਸ਼ ਨਿਰਮਾਣ ਵਿੱਚ ਆਪਣੀ ਭੂਮਿਕਾ ਹੋਰ ਉਸਾਰੂ ਢੰਗ ਨਾਲ ਨਿਭਾ ਸਕਣ।

## ਅਧਿਆਪਕ ਦਿਵਸ ਤੇ ਦੋ ਸੰਸਥਾਵਾਂ ਵੱਲੋਂ ਪ੍ਰੋ. ਨਵ ਸੰਗੀਤ ਸਿੰਘ ਦਾ ਸਨਮਾਨ

ਵਰਲਡ ਪੰਜਾਬੀ ਟਾਈਮਜ਼




ਪਟਿਆਲਾ 5 ਸਤੰਬਰ : ਜਾਣੇ-ਪਛਾਣੇ ਪੰਜਾਬੀ ਅਧਿਆਪਕ, ਲੇਖਕ, ਅਨੁਵਾਦਕ ਪ੍ਰੋ. ਨਵ ਸੰਗੀਤ ਸਿੰਘ ਨੂੰ ਉੱਤਰਪ੍ਰਦੇਸ਼ ਦੀਆਂ ਦੋ ਸਾਹਿਤਕ ਤੇ ਸਮਾਜਕ ਸੰਸਥਾਵਾਂ ਵੱਲੋਂ ਅੱਜ ਅਧਿਆਪਕ ਦਿਵਸ (5.9.2025) ਤੇ ਉਤਕ੍ਰਿਸ਼ਟ ਸਿੱਖਿਆ ਸੇਵਾਵਾਂ ਦੇਣ ਦੇ ਇਵਜ਼ ਵਜੋਂ ਸਨਮਾਨਿਤ ਕੀਤਾ ਗਿਆ ਹੈ। ਇਨ੍ਹਾਂ ਵਿੱਚ ਪਹਿਲੀ ਹੈ – ਧਾਮਪੁਰ (ਉੱਤਰਪ੍ਰਦੇਸ਼) ਦੀ ‘ਅਨਿਲ ਅਭਿਵਿਅਕਤੀ’ ਜਿਸ ਵੱਲੋਂ 42 ਅਧਿਆਪਕਾਂ ਨੂੰ ਸਨਮਾਨ ਪੱਤਰ ਦਿੱਤੇ ਗਏ ਹਨ; ਤੇ ਦੂਜੀ ਹੈ – ਪੁਵਾਯਾਂ, ਸ਼ਾਹਜਹਾਂਪੁਰ (ਉਪ੍ਰ) ਦੀ ‘ਪ੍ਰੇਰਣਾ ਪਰਿਵਾਰ’, ਜਿਸਨੇ 81 ਅਧਿਆਪਕਾਂ ਨੂੰ ਸਨਮਾਨਿਤ ਕੀਤਾ ਹੈ। ਜ਼ਿਕਰਯੋਗ ਹੈ ਕਿ ਦੋਹਾਂ ਸੰਸਥਾਵਾਂ ਵੱਲੋਂ ਦਿੱਤੇ ਗਏ ਇਨ੍ਹਾਂ ਸਨਮਾਨਾਂ ਵਿੱਚ ਪੰਜਾਬ ਤੋਂ ਸਿਰਫ਼ ਪ੍ਰੋ. ਨਵ ਸੰਗੀਤ ਸਿੰਘ ਦੀ ਹੀ ਚੋਣ ਕੀਤੀ ਗਈ ਹੈ, ਬਾਕੀ ਅਧਿਆਪਕ ਦੇਸ਼ ਦੇ ਹੋਰ ਰਾਜਾਂ ਵਿੱਚੋਂ ਹਨ। ਇਹ ਸਨਮਾਨ ਭਾਰਤ ਦੇ ਦੂਜੇ ਰਾਸ਼ਟਰਪਤੀ ਡਾ. ਐੱਸ.




ਰਾਧਾਕ੍ਰਿਸ਼ਣਨ ਦੇ ਜਨਮਦਿਨ (5 ਸਤੰਬਰ) ਤੇ ਹਰ ਸਾਲ ਉਨ੍ਹਾਂ ਅਧਿਆਪਕਾਂ ਨੂੰ ਦਿੱਤੇ ਜਾਂਦੇ ਹਨ, ਜਿਨ੍ਹਾਂ ਨੇ ਸਿੱਖਿਆ ਅਤੇ ਅਧਿਆਪਨ ਦੇ ਖੇਤਰ ਵਿੱਚ ਕੋਈ ਉਲੇਖਨੀਯ ਪ੍ਰਾਪਤੀ ਕੀਤੀ ਹੁੰਦੀ ਹੈ। ਪ੍ਰੋ. ਸਿੰਘ ਨੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਦਮਦਮਾ ਸਾਹਿਬ ਕੈਂਪਸ ਵਿੱਚ ਦੋ ਦਹਾਕਿਆਂ ਤੋਂ ਵਧੀਕ ਸਮੇਂ ਲਈ ਅਧਿਆਪਨ ਕਾਰਜ ਕੀਤਾ ਹੈ ਤੇ ਨਾਲ ਹੀ ਉਨ੍ਹਾਂ ਦੀਆਂ 17 ਪੁਸਤਕਾਂ ਪ੍ਰਕਾਸ਼ਿਤ ਹੋਈਆਂ ਹਨ। ਉਨ੍ਹਾਂ ਨੇ ਕਰੀਬ 35 ਸਾਲ ਵੱਖ ਵੱਖ ਕਾਲਜਾਂ/ਯੂਨੀਵਰਸਿਟੀਆਂ ਵਿੱਚ ਹਜ਼ਾਰਾਂ ਹੀ ਵਿਦਿਆਰਥੀਆਂ ਨੂੰ ਮਾਤਭਾਸ਼ਾ ਪੰਜਾਬੀ ਦੀ ਸਿੱਖਿਆ ਦਿੱਤੀ ਤੇ ਨਾਲ ਨਾਲ ਹੋਰ ਗਤੀਵਿਧੀਆਂ (ਯੂਥ ਕੋਆਰਡੀਨੇਟਰ, ਪ੍ਰੋਗਰਾਮ ਅਫ਼ਸਰ, ਮੈਗਜ਼ੀਨ ਸੰਪਾਦਕ, ਸਾਹਿਤਕ-ਸਭਿਆਚਾਰਕ-ਧਾਰਮਿਕ ਬੁਲਾਰਾ, ਮੰਚ ਸੰਚਾਲਕ, ਵਿਸ਼ਾ ਮਾਹਿਰ ਆਦਿ) ਨੂੰ ਤਨਦੇਹੀ ਨਾਲ ਨਿਭਾਇਆ। ਪ੍ਰੋ. ਸਿੰਘ ਨੇ ਦੱਸਿਆ ਕਿ ਇਨ੍ਹਾਂ ਸਨਮਾਨਾਂ ਨਾਲ ਉਨ੍ਹਾਂ ਅੰਦਰਲੇ ਅਧਿਆਪਕ ਨੂੰ ਹੋਰ ਹੌਸਲਾ ਮਿਲਿਆ ਹੈ। ਇਸ ਪ੍ਰਾਪਤੀ ਤੇ ਦੇਸ਼ ਵਿਦੇਸ਼ ਵਿੱਚ ਵੱਸਦੇ ਉਨ੍ਹਾਂ ਦੇ ਸ਼ੁਭਚਿੰਤਕਾਂ ਅਤੇ ਪ੍ਰਸ਼ੰਸਕਾਂ ਨੇ ਖੁਸ਼ੀ ਪ੍ਰਗਟ ਕਰਦਿਆਂ ਉਨ੍ਹਾਂ ਨੂੰ ਵਧਾਈ ਸੰਦੇਸ਼ ਭੇਜੇ ਹਨ।

## ਫਿਰੋਜ਼ਪੁਰ ਜ਼ਿਲੇ ਦੇ ਹੜ ਪ੍ਰਭਾਵਿਤ ਇਲਾਕਿਆਂ ਵਿਚ ਰਾਸ਼ਨ ਅਤੇ ਪਸ਼ੂਆਂ ਲਈ ਚਾਰਾ ਵੰਡਿਆ

ਵਰਲਡ ਪੰਜਾਬੀ ਟਾਈਮਜ਼
ਧਰਮ ਪ੍ਰਵਾਨਾਂ



ਫਰੀਦਕੋਟ 5 ਸਤੰਬਰ : ਫ਼ਰੀਦਕੋਟ ਦੇ ਉਘੇ ਸਮਾਜ ਸੇਵੀ ਅਤੇ ਆਮ ਆਦਮੀ ਪਾਰਟੀ ਦੇ ਸੀਨੀਅਰ ਲੀਡਰ ਅਰਸ਼ ਸੱਚਰ ਅਤੇ ਪੰਜਾਬੀ ਫ਼ਿਲਮ ਅਦਾਕਾਰ ਪ੍ਰਿੰਸ ਪੰਮਾ ਵੱਲੋਂ ਫ਼ਿਰੋਜ਼ਪੁਰ ਜ਼ਿਲ੍ਹੇ ਦੇ ਹੜ੍ਹ ਪ੍ਰਭਾਵਿਤ ਪਿੰਡਾਂ ਕਾਲੂ ਵਾਲਾ, ਕਿਲਚੇ ਵਾਲਾ, ਨਹਾਲੇ ਵਾਲਾ ਅਤੇ ਹਬੀਬ ਕੇ ਹੜ੍ਹਾਂ ਕਾਰਨ ਪ੍ਰਭਾਵਿਤ ਇਲਾਕਿਆਂ ਵਿੱਚ ਪਹੁੰਚ ਕੇ ਦੇਖਿਆ ਕਿ ਲੋਕਾਂ ਨੂੰ ਨਾ ਸਿਰਫ਼ ਰਹਿਣ ਲਈ ਮੁਸ਼ਕਲਾਂ ਆ ਰਹੀਆਂ ਹਨ ਸਗੋਂ ਬੇਜ਼ੁਬਾਨ ਪਸ਼ੂਆਂ ਨੂੰ ਵੀ ਚਾਰੇ ਦੀ ਘਾਟ ਮਹਿਸੂਸ ਹੋ ਰਹੀ ਹੈ। ਇਸ ਗੰਭੀਰ ਹਾਲਾਤ ਵਿੱਚ ਅਰਸ਼ ਸੱਚਰ ਅਤੇ ਪ੍ਰਿੰਸ ਪੰਮਾ ਨੇ ਪਿੰਡਾਂ ਦੇ ਦੌਰੇ ਦੌਰਾਨ ਲੋਕਾਂ ਵਿੱਚ ਪਸ਼ੂਆਂ ਲਈ ਅਚਾਰ (ਚਾਰਾ), ਤਿਰਪਾਲ, ਰੱਸੀਆਂ, ਬਲੀਚਿੰਗ ਪਾਊਡਰ ਅਤੇ ਹੋਰ ਜ਼ਰੂਰੀ ਸਮਾਨ ਵੰਡ ਕੇ ਪ੍ਰਭਾਵਿਤ ਪਰਿਵਾਰਾਂ ਨੂੰ ਹੌਸਲਾ ਦਿੱਤਾ।

ਇਸ ਮੌਕੇ ਅਰਸ਼ ਸੱਚਰ ਨੇ ਕਿਹਾ ਕਿ ਹੜ੍ਹਾਂ ਦੀ ਇਹ ਕੁਦਰਤੀ ਆਫ਼ਤ ਸਾਡੇ ਭਾਈਚਾਰੇ ਦੀ ਕਸੌਟੀ ਹੈ। ਐਸੇ ਸਮੇਂ ਵਿੱਚ ਸਾਡਾ ਫ਼ਰਜ਼ ਬਣਦਾ ਹੈ ਕਿ ਅਸੀਂ ਨਾ ਸਿਰਫ਼ ਪ੍ਰਭਾਵਿਤ ਲੋਕਾਂ ਨੂੰ ਸਮਾਨਿਕ ਰਾਹਤ ਦੇਈਏ ਸਗੋਂ ਉਨ੍ਹਾਂ ਦੇ ਦਿਲਾਂ ਵਿੱਚ ਇਹ ਯਕੀਨ ਪੈਦਾ ਕਰੀਏ ਕਿ ਉਹ ਇਕੱਲੇ ਨਹੀਂ ਹਨ।

ਪੰਜਾਬੀ ਫ਼ਿਲਮ ਅਦਾਕਾਰ ਪ੍ਰਿੰਸ ਪੰਮਾ ਨੇ ਵੀ ਲੋਕਾਂ ਨਾਲ ਸਾਂਝ ਪਾਈ ਅਤੇ ਕਿਹਾ ਕਿ ਕਲਾ-ਜਗਤ ਹੋਵੇ ਜਾਂ ਸਿਆਸੀ ਜਗਤ, ਸਾਰਿਆਂ ਦਾ ਫ਼ਰਜ਼ ਹੈ ਕਿ ਪੀੜਤ ਲੋਕਾਂ ਦੀ ਮਦਦ ਲਈ ਇੱਕਜੁੱਟ ਹੋਈਏ।


ਅੰਤ ਵਿੱਚ ਦੋਵੇਂ ਨੇ ਪਰਮਾਤਮਾ ਅੱਗੇ ਅਰਦਾਸ ਕੀਤੀ ਕਿ ਜਲਦੀ ਹਾਲਾਤ ਠੀਕ ਹੋਣ, ਪਾਣੀਆਂ ਦਾ ਕਹਿਰ ਰੁਕੇ ਅਤੇ ਹਰ ਪ੍ਰਭਾਵਿਤ ਪਰਿਵਾਰ ਆਪਣੇ ਘਰ-ਆਂਗਣ ਵਿੱਚ ਮੁੜ ਸੁਖ-ਚੈਨ ਨਾਲ ਜੀ ਸਕੇ।

## ਪ੍ਰੋ. ਨਵ ਸੰਗੀਤ ਸਿੰਘ ਦੀ 17ਵੀਂ ਕਿਤਾਬ ਜਾਰੀ

ਵਰਲਡ ਪੰਜਾਬੀ ਟਾਈਮਜ਼

ਪਟਿਆਲਾ 05 ਸਤੰਬਰ : ਪੰਜਾਬੀ ਦੇ ਜਾਣੇ-ਪਛਾਣੇ ਅਨੁਵਾਦਕ, ਲੇਖਕ ਅਤੇ ਰੀਵਿਊਕਾਰ ਪ੍ਰੋ. ਨਵ ਸੰਗੀਤ ਸਿੰਘ ਦੀ ਹਿੰਦੀ ਤੋਂ ਅਨੁਵਾਦਿਤ ਇੱਕ ਕਿਤਾਬ ‘ਖਜ਼ਾਨੇ ਦੀ ਭਾਲ’ ਜਾਰੀ ਕੀਤੀ ਗਈ। ਪ੍ਰੋ. ਸਿੰਘ ਨੇ ਪ੍ਰੈੱਸ ਨੂੰ ਜਾਰੀ ਇੱਕ ਬਿਆਨ ਵਿੱਚ ਦੱਸਿਆ ਕਿ ਇਹ ਉਨ੍ਹਾਂ ਦੀ 17ਵੀਂ ਕਿਤਾਬ ਹੈ, ਜੋ ਉਨ੍ਹਾਂ ਨੇ ਮੂਲ ਹਿੰਦੀ ਤੋਂ ਅਨੁਵਾਦ ਕੀਤੀ ਹੈ। ਇਸ ਪੁਸਤਕ ਦੀ




ਮੂਲ ਲੇਖਕਾ ਹਿੰਦੀ ਦੇ ਪੁਰਸਕ੍ਰਿਤ ਲੇਖਕਾ ਡਾ. ਊਸ਼ਾ ਯਾਦਵ ਹਨ, ਜੋ ਆਗਰਾ ਨਿਵਾਸੀ ਹਨ। ਮੂਲ ਹਿੰਦੀ ਵਿੱਚ ਇਸ ਪੁਸਤਕ ਦਾ ਨਾਂ ਹੈ -‘ਸੋਨੇ ਕੀ ਖਾਨ’। ਪ੍ਰੋ. ਸਿੰਘ ਨੇ ਦੱਸਿਆ ਕਿ ਉਂਜ ਤਾਂ ਇਹ ਕਿਤਾਬ ਕਿਸ਼ੋਰ ਉਮਰ ਦੇ ਪਾਠਕਾਂ ਲਈ ਹੈ, ਪਰ ਇਸ ਰਾਹੀਂ ਹਰ ਉਮਰ ਵਰਗ ਦੇ ਪਾਠਕਾਂ ਨੂੰ ਸਿੱਖਿਆ ਅਤੇ ਸੇਧ ਪ੍ਰਾਪਤ ਹੋਵੇਗੀ। ਇਸ ਕਿਤਾਬ ਦੇ ਕੁੱਲ ਸੱਤ ਕਾਂਡ ਹਨ, ਜਿਸ ਰਾਹੀਂ ਕਿਸ਼ੋਰ ਉਮਰ ਦੀਆਂ ਮੁੱਖ ਸਮੱਸਿਆਵਾਂ ਤੇ ਰੁਚੀਆਂ ਨੂੰ ਦਿਲਚਸਪ ਸ਼ੈਲੀ ਵਿੱਚ ਉਭਾਰਿਆ ਗਿਆ ਹੈ। “ਸ਼ਤਾਬਦੀ ਰਾਹੀਂ ਆਪਣੀ ਗਵਾਲੀਅਰ ਯਾਤਰਾ ਦੌਰਾਨ ਨਾਵਲ ਦਾ ਨਾਇਕ ਰਜਤ ਆਪਣੇ ਹੀ ਹਮਉਮਰ ਮੁੰਡੇ ਅਮਨ ਨੂੰ ਮਿਲਦਾ ਹੈ ਅਤੇ ਫਿਰ ਉਹਦੇ ਜੀਵਨ ਵਿੱਚ ਹੈਰਾਨੀਜਨਕ ਰੋਮਾਂਚਕ ਘਟਨਾਵਾਂ ਦਾ ਜੋ ਦੌਰ ਸ਼ੁਰੂ ਹੁੰਦਾ ਹੈ, ਉਹ ਕਿਸੇ ਤਲਿੱਸਮੀ ਦੁਨੀਆਂ ਤੋਂ ਘੱਟ ਨਹੀਂ ਹੈ। ਇਸੇ ਲੜੀ ਵਿੱਚ ਇੱਕ ਕਿਸ਼ੋਰ ਮਨ ਦੀਆਂ ਸੰਵੇਦਨਾਵਾਂ ਪਰਤ-ਦਰ-ਪਰਤ ਖੁੱਲ੍ਹਦੀਆਂ ਜਾਂਦੀਆਂ ਹਨ ਅਤੇ ਨਾਵਲ ਦਾ ਤਾਣਾ-ਬਾਣਾ ਬੁਣਿਆ ਜਾਂਦਾ ਹੈ। ਇਹਦਾ ਅੰਤ ਵੀ ਪਾਠਕਾਂ ਨੂੰ ਅਸਚਰਜ ਹੈਰਾਨ ਕੀਤੇ ਬਿਨਾਂ ਨਹੀਂ ਰਹੇਗਾ। ‘ਖਜ਼ਾਨੇ ਦੀ ਭਾਲ’ ਨੂੰ ਇੱਕ ਵਾਰ ਪੜ੍ਹਨਾ ਸ਼ੁਰੂ ਕਰੋਗੇ ਤਾਂ ਤੁਸੀਂ ਇਸਨੂੰ ਖਤਮ ਕੀਤੇ ਬਿਨਾਂ ਨਹੀਂ ਰਹਿ ਸਕੋਗੇ – ਇਹੋ ਇਸ ਨਾਵਲ ਦੀ ਖੂਬੀ ਹੈ।” 151 ਪੰਨਿਆਂ ਦੀ ਸਜਿਲਦ ਇਸ ਪੁਸਤਕ ਨੂੰ ਥਾਂ ਥਾਂ ਤੇ ਢੁਕਵੇਂ ਚਿੱਤਰਾਂ ਨਾਲ ਸ਼ਿੰਗਾਰਿਆ ਗਿਆ ਹੈ, ਜਿਸਨੂੰ ਸਾਹਿਤਯਸ਼ਿਲਾ ਪ੍ਰਕਾਸ਼ਨ, ਦਿੱਲੀ ਨੇ ਸੀਮਿਤ ਸਮੇਂ ਵਿੱਚ ਪ੍ਰਕਾਸ਼ਿਤ ਕਰਕੇ ਪਾਠਕਾਂ ਤੱਕ ਪਹੁੰਚਾਇਆ ਹੈ। ਪ੍ਰੋ. ਸਿੰਘ ਨੂੰ ਉਨ੍ਹਾਂ ਦੀ ਇਸ ਨਵ-ਪ੍ਰਕਾਸ਼ਿਤ ਪੁਸਤਕ ਲਈ ਦੂਰੋਂ ਨੇੜਿਓਂ ਵਧਾਈ ਸੰਦੇਸ਼ ਮਿਲ ਰਹੇ ਹਨ।

## ਅਧਿਆਪਕ ਮਾਣ ਸਤਿਕਾਰ ਅਤੇ ਹੱਕਾਂ ਤੋਂ ਵਾਂਝੇ ਕਿਉਂ?



ਵਰਲਡ ਪੰਜਾਬੀ ਟਾਈਮਜ਼
ਰਜਵਿੰਦਰ ਪਾਲ ਸ਼ਰਮਾ

ਪਾਕਿਸਤਾਨ ਦੀ ਸਮਾਜਿਕ ਕਾਰਕੁੰਨ ਅਤੇ ਨੋਬਲ ਪੁਰਸਕਾਰ ਵਿਜੇਤਾ ਮਲਾਲਾ ਯੂਸਫਜ਼ਈ ਦਾ ਕਥਨ ਹੈ ਕਿ ਇੱਕ ਬੱਚਾ,ਇੱਕ ਅਧਿਆਪਕ, ਇੱਕ ਕਿਤਾਬ ਅਤੇ ਇੱਕ ਪੈੱਨ ਦੁਨੀਆਂ ਨੂੰ ਬਦਲ ਸਕਦੇ ਹਨ। ਕਿਸੇ ਨੇ ਸੱਚ ਕਿਹਾ ਹੈ ਕਿ ਗੁਰੂ ਬਿਨਾਂ ਗਤ ਨਹੀਂ ਸ਼ਾਹ ਬਿਨਾਂ ਪਤ ਨਹੀਂ। ਗੁਰੂ ਤੋਂ ਬਿਨਾਂ ਜ਼ਿੰਦਗੀ ਵਿੱਚ ਮੰਜ਼ਿਲ ਦੀ ਪ੍ਰਾਪਤੀ ਸੰਭਵ ਨਹੀਂ।ਗੁਰਬਾਣੀ ਵਿੱਚ ਵੀ ਗੁਰੂ ਨੂੰ ਵਡਿਆਇਆ ਗਿਆ। ਗੋਬਿੰਦ ਤੋਂ ਵਧ ਕੇ ਗੁਰੂ ਨੂੰ ਦਰਜਾ ਦਿੱਤਾ ਗਿਆ।ਪਵਨ ਗੁਰੂ, ਪਾਣੀ ਪਿਤਾ, ਮਾਤਾ ਧਰਤੁ ਮਹੱਤ ਦੇ ਕਥਨ ਅਨੁਸਾਰ ਗੁਰੂ ਨੂੰ ਮਾਤਾ ਪਿਤਾ ਦੇ ਬਰਾਬਰ ਮਾਣ ਸਤਿਕਾਰ ਦਿੱਤਾ ਗਿਆ। ਇੱਕ ਅਧਿਆਪਕ ਦੀ ਝਿੜਕ ਮਾਂ ਬਾਪ ਦੇ ਪਿਆਰ ਨਾਲੋਂ ਚੰਗੀ ਹੁੰਦੀ ਹੈ। ਮਾਂ ਬੱਚੇ ਦੀ ਪਹਿਲੀ ਅਧਿਆਪਕ ਅਤੇ ਪਰਿਵਾਰ ਬੱਚੇ ਦਾ ਪਹਿਲਾ ਸਕੂਲ ਜਿਥੇ ਤੋਤਲੀ ਆਵਾਜ਼ ਵਿੱਚ ਬੋਲਿਆ ਮਾਂ ਪਹਿਲਾ ਸ਼ਬਦ ਹੁੰਦਾ ਹੈ। ਸਿੱਖਿਆ ਪ੍ਰਾਪਤੀ ਦੇ ਮੰਤਵ ਨਾਲ ਘਰ ਦੀ ਦਹਿਲੀਜ਼ ਤੋਂ ਨਿਕਲਿਆ ਬੱਚਾ ਸਕੂਲ, ਕਾਲਜ਼ ਤੋਂ ਹੁੰਦਿਆਂ ਯੂਨੀਵਰਸਿਟੀ ਦੀਆਂ ਪੌੜੀਆਂ ਚੜ੍ਹਦਾ ਹੈ। ਅਧਿਆਪਕ ਸਮਾਜ਼ ਦਾ ਨਿਰਮਾਤਾ ਹੈ। ਸਾਡੇ ਆਲੇ ਦੁਆਲੇ ਜ਼ੋ ਵੀ ਡਾਕਟਰ, ਇੰਜੀਨੀਅਰ,ਨੇਤਾ, ਪੁਲਿਸ, ਜੱਜ ,ਵਕੀਲ ਪ੍ਰਸ਼ਾਸਨਿਕ ਅਧਿਕਾਰੀ ਅਤੇ ਕਰਮਚਾਰੀ ਦੇਖਦੇ ਹਾਂ,ਇਹ ਇੱਕ ਅਧਿਆਪਕ ਦੀ ਦੇਣ ਹਨ। ਜਦੋਂ ਸਮਾਜ਼ ਦੇ ਵਿੱਚ ਇਹ ਸਾਰੇ ਇੱਜ਼ਤ ਦੇ ਹੱਕਦਾਰ ਅਤੇ ਸਨਮਾਨ ਦੇ ਪਾਤਰ ਹਨ ਉਦੋਂ ਅਧਿਆਪਕ ਵਰਗ ਦੀ ਮੌਜੂਦਾ ਦਸ਼ਾ ਚਿੰਤਾ ਪ੍ਰਗਟ ਕਰਦੀ ਹੋਈ ਬੁੱਧੀਜੀਵੀਆਂ ਨੂੰ ਚਿੰਤਨ ਕਰਨ ਲਈ ਮਜ਼ਬੂਰ ਕਰਦੀ ਹੈ।


ਇੱਕ ਅਧਿਆਪਕ ਬਣਨਾ ਔਖਾ ਪ੍ਰੰਤੂ ਇੱਕ ਉੱਤਮ ਅਧਿਆਪਕ ਬਣਨਾ ਉਸ ਤੋਂ ਵੀ ਮੁਸ਼ਿਕਲ ਹੈ।ਹਰੇਕ ਅਧਿਆਪਕ ਦੁਆਰਾ ਵਿਦਿਆਰਥੀਆਂ ਦੇ ਦਿਲਾਂ ਵਿੱਚ ਜਗ੍ਹਾ ਬਣਾ ਕੇ ਛਾਪ ਛੱਡ ਜਾਣਾ ਸੌਖਾ ਕੰਮ ਨਹੀਂ।ਅਧਿਆਪਕ ਇੱਕ ਪੇਸ਼ਾ ਨਹੀਂ ਇੱਕ ਧਰਮ ਹੈ। ਵਿੱਦਿਆ ਨੂੰ ਤੀਸਰਾ ਨੇਤਰ ਅਤੇ ਸਭ ਤੋਂ ਉੱਤਮ ਦਾਨ ਮੰਨਿਆ ਗਿਆ। ਵਿਦਿਆਰਥੀ ਵਰਗ ਨੂੰ ਉਸ ਅਧਿਆਪਕ ਦਾ ਵਿਸ਼ਾ ਬਹੁਤ ਸੌਖਾ ਲੱਗਦਾ ਹੈ ਜੋ ਵਿਦਿਆਰਥੀਆਂ ਵਿੱਚ ਹਰਮਨ ਪਿਆਰਾ ਹੋਵੇ।ਇੱਕ ਉੱਤਮ ਅਧਿਆਪਕ ਵਿਦਿਆਰਥੀਆਂ ਨੂੰ ਜ਼ਿੰਦਗੀ ਵਿੱਚ ਕਾਮਯਾਬ ਹੋਣ ਦੇ ਮੂਲ ਮੰਤਰ ਦੱਸਦਾ ਹੋਇਆ ਇੱਕ ਚੰਗਾ ਇਨਸਾਨ ਬਣਨ ਲਈ ਵੀ ਪ੍ਰੇਰਿਤ ਕਰਦਾ ਹੈ। ਵਿੱਦਿਆ ਦਾ ਮੁੱਖ ਮੰਤਵ ਨੌਂਕਰੀ ਪ੍ਰਾਪਤੀ ਨਹੀਂ ਸਗੋਂ ਇੱਕ ਚੰਗੇ ਨਾਗਰਿਕ ਪੈਦਾ ਕਰਨਾ ਹੈ। ਬੱਚਿਆਂ ਨੂੰ ਸਕੂਲ ਕਾਲਜਾਂ ਅਤੇ ਯੂਨੀਵਰਸਿਟੀਆਂ ਵਿੱਚ ਦਾਖ਼ਲ ਕਰਵਾਕੇ ਸਭ ਕੁੱਝ ਅਧਿਆਪਕ ਵਰਗ ਤੇ ਛੱਡ ਕੇ ਮਾਪੇ ਆਪਣੇ ਫਰਜ਼ ਤੋਂ ਮੁਨਕਰ ਨਹੀਂ ਹੋ ਸਕਦੇ। ਅਧਿਆਪਕਾਂ ਦੇ ਨਾਲ ਨਾਲ ਮਾਪਿਆਂ ਦੀ ਵੀ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਅਧਿਆਪਕਾਂ ਦਾ ਬੱਚੇ ਦੇ ਚੰਗੇ ਭਵਿੱਖ ਬਣਾਉਣ ਵਿੱਚ ਬਰਾਬਰ ਯੋਗਦਾਨ ਦੇਣ। ਸਿੱਖਿਆ ਸੰਸਥਾਵਾਂ ਸਰਕਾਰੀ ਹੋਣ ਜਾਂ ਪ੍ਰਾਈਵੇਟ ਦੋਵਾਂ ਵਿੱਚ ਅਧਿਆਪਕਾਂ ਨੂੰ ਦਰਵੇਸ਼ ਮੁਸ਼ਿਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਸਿੱਖਿਆ ਦੇ ਖ਼ੇਤਰ ਵਿੱਚ ਕਿਹੋ ਜਿਹੀ ਕ੍ਰਾਂਤੀ ਆਈ ਹੈ। ਦੇਸ਼ ਦੇ ਬਹੁਤੇ ਸਕੂਲਾਂ ਵਿੱਚ ਪ੍ਰਿੰਸੀਪਲ ਦੀਆਂ ਅਸਾਮੀਆਂ ਖ਼ਾਲੀ ਹਨ।ਇੱਕ ਪ੍ਰਿੰਸੀਪਲ ਦੋ ਤੋਂ ਵੱਧ ਸਕੂਲਾਂ ਦਾ ਚਾਰਜ ਸੰਭਾਲ ਰਿਹਾ ਹੈ। ਤਰੱਕੀ ਦੀ ਉਡੀਕ ਕਰ ਰਹੇ ਅਧਿਆਪਕ ਰਿਟਾਇਰਮੈਂਟ ਹੋ ਰਹੇ ਹਨ। ਅਧਿਆਪਕ ਨੂੰ ਵਾਧੂ ਵਿਸ਼ਾ ਪੜ੍ਹਾਉਣ ਲਈ ਮਜ਼ਬੂਰ ਕੀਤਾ ਜਾ ਰਿਹਾ ਹੈ।ਬੱਚਿਆਂ ਨੂੰ ਪੜ੍ਹਾਉਣ ਦੇ ਨਾਲ ਨਾਲ ਅਧਿਆਪਕਾਂ ਤੋਂ ਲਏ ਜਾਣ ਵਾਲੇ ਹੋਰ ਕੰਮ ਜਿਵੇਂ ਵੋਟਾਂ, ਮਰਦਮਸ਼ੁਮਾਰੀ,ਕਲਰਕ, ਝੋਨੇ ਅਤੇ ਕਣਕ ਦੀ ਪਰਾਲੀ ਪ੍ਰਬੰਧਨ ਵਰਗੇ ਕੰਮ ਅਧਿਆਪਕ ਨੂੰ ਸਿੱਖਿਆ ਅਤੇ ਵਿਦਿਆਰਥੀਆਂ ਤੋਂ ਦੂਰ ਕਰਦੇ ਹਨ ਇਸ ਨਾਲ ਜਿਥੇ ਵਿਦਿਆਰਥੀਆਂ ਦੀ ਪੜ੍ਹਾਈ ਦਾ ਨੁਕਸਾਨ ਹੁੰਦਾ ਹੈ ਉਥੇ ਅਧਿਆਪਕ ਵਰਗ ਨੂੰ ਦੂਰ ਦੁਰਾਡੇ ਡਿਊਟੀਆਂ ਲੱਗਣ ਕਰਕੇ ਖੱਜਲਖੁਆਰ ਹੋਣਾ ਪੈਂਦਾ ਹੈ। ਅਧਿਆਪਕ ਦਾ ਮੁੱਖ ਕੰਮ ਵਿਦਿਆਰਥੀਆਂ ਦੀ ਪੜ੍ਹਾਈ ਹੋਣਾ ਚਾਹੀਦਾ ਹੈ ਹੋਰ ਕੁੱਝ ਨਹੀਂ। ਜ਼ੇਕਰ ਅਧਿਆਪਕ ਵਾਧੂ ਡਿਊਟੀਆਂ ਵਿੱਚ ਉਲਝੇ ਰਹਿਣਗੇ ਫ਼ਿਰ ਬੱਚਿਆਂ ਨੂੰ ਪੜ੍ਹਾਏਗਾ ਕੌਂਣ? ਮਹੀਨਾਵਾਰ ਸਿਲੇਬਸ ਕਿਵੇਂ ਸਮੇਂ ਸਿਰ ਪੂਰਾ ਹੋਵੇਗਾ? ਜ਼ੇਕਰ ਸਿਲੇਬਸ ਸਮੇਂ ਸਿਰ ਪੂਰਾ ਨਹੀਂ ਹੋਵੇਗਾ ਤਾਂ ਬੱਚਿਆਂ ਦਾ ਮਹੀਨਾਵਾਰ ਟੈਸਟ ਕਿਸ ਆਧਾਰ ਤੇ ਹੋਵੇਗਾ ? ਸਮੇਂ ਸਿਰ ਸਿਲੇਬਸ ਨਾ ਹੋਣ ਕਰਕੇ ਅਧਿਆਪਕ ਅਤੇ ਵਿਦਿਆਰਥੀ ਦੋਵਾਂ ਦਾ ਬੋਝ ਵਧੇਗਾ।ਇਸ ਨਾਲ ਵਿਦਿਆਰਥੀ ਅਤੇ ਅਧਿਆਪਕ ਦੋਵਾਂ ਨੂੰ ਮਾਨਸਿਕ ਤੌਰ ਤੇ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਸਕਦਾ ਹੈ।

ਅਧਿਆਪਕ ਦੇ ਮਾਣ ਸਨਮਾਨ ਅਤੇ ਸਤਿਕਾਰ ਦੀ ਗੱਲ ਜਦੋਂ ਵੀ ਚੱਲਦੀ ਹੈ ਉਦੋਂ ਸਹਿਮਤ ਤਾਂ ਸਾਰੇ ਹੁੰਦੇ ਹਨ ਪਰੰਤੂ ਅਮਲ ਕੋਈ ਨਹੀਂ ਕਰਦਾ। ਅਧਿਆਪਕ ਪੜਾਉਣ ਲਈ ਹੁੰਦੇ ਹਨ ਨਾ ਕਿ ਹਾਕਮਾਂ ਦੀ ਆਉ ਭਗਤ ਕਰਨ ਲਈ।ਸਕੂਲ ਔੱਫ ਐਮੀਨੈਂਸ ਸਮਾਣਾ ਦੀ ਚਾਰ ਦਿਵਾਰੀ ਦਾ ਉਦਘਾਟਨ ਕਰਦਿਆਂ ਮੌਜੂਦਾ ਵਿਧਾਇਕ ਅਤੇ ਸਾਬਕਾ ਸਿਹਤ ਮੰਤਰੀ ਦੁਆਰਾ ਸਟੇਜ ਉੱਪਰ ਚੜ੍ਹ ਕੇ ਅਧਿਆਪਕਾਂ ਅਤੇ ਵਿਦਿਆਰਥੀਆਂ ਦੀ ਗਿਣਤੀ ਬਾਰੇ ਪੁੱਛਣਾ ਅਤੇ ਉਲੀਕੇ ਪ੍ਰੋਗਰਾਮ ਨੂੰ ਮਾੜਾ ਕਹਿਣਾ ਸਿਹਤ ਮੰਤਰੀ ਦੀ ਸੌੜੀ ਸੋਚ ਨੂੰ ਉਜਾਗਰ ਕਰਦਾ ਹੈ।ਇਸੇ ਹੀ ਤਰ੍ਹਾਂ ਫ਼ਰੀਦਕੋਟ ਦੇ ਪਿੰਡ ਗੋਦਾਰਾ ਵਿੱਚ ਵਿਧਾਇਕ ਵੱਲੋਂ ਸਕੂਲ ਦਾ ਮੁਆਇਨਾ ਕਰਦੇ ਸਮੇਂ ਇਸ ਗੱਲੋਂ ਗੁੱਸੇ ਹੋ ਜਾਣਾ ਕਿ ਮਹਿਲਾ ਅਧਿਆਪਕ ਉਸਦੀ ਆਉ ਭਗਤ ਲਈ ਨਹੀਂ ਆਏ। ਵਿਧਾਇਕ ਨੂੰ ਇਹ ਸਵਾਲ ਪੁੱਛਣਾ ਬਣਦਾ ਹੈ ਕਿ ਮਹਿਲਾ ਅਧਿਆਪਕਾਂ ਤੱਕ ਮੰਤਰੀ ਨੂੰ ਕੀ ਕੰਮ ਸੀ ? ਅਜਿਹਾ ਕਿਹੜਾ ਕੰਮ ਹੈ ਜਿਹੜਾ ਪੁਰਸ਼ ਅਧਿਆਪਕ ਨਹੀਂ ਕਰ ਸਕੇ?ਜਦੋਂ ਸਕੂਲ ਵਿੱਚ ਪੰਜ ਅਧਿਆਪਕ ਮੌਜੂਦ ਹਨ ਉਹਨਾਂ ਵਿੱਚੋਂ ਦੋ ਪੁਰਸ਼ ਅਧਿਆਪਕ ਵਿਧਾਇਕ ਦੀ ਆਉ ਭਗਤ ਕਰ ਰਹੇ ਹਨ,ਤਿੰਨ ਮਹਿਲਾ ਅਧਿਆਪਕ ਛੋਟੇ ਬੱਚਿਆਂ ਨੂੰ ਜਮਾਤ ਵਿੱਚ ਚੁੱਪ ਕਰਵਾ ਕੇ ਸਕੂਲ ਦੇ ਅਨੁਸ਼ਾਸਨ ਨੂੰ ਕਾਇਮ ਰੱਖ ਰਹੇ ਹਨ, ਵਿਧਾਇਕ ਵੱਲੋਂ ਉਹਨਾਂ ਮਹਿਲਾਂ ਅਧਿਆਪਕਾਂ ਦੀ ਵਿਧਾਨ ਸਭਾ ਦੇ ਸਪੀਕਰ ਕੋਲ਼ ਸ਼ਿਕਾਇਤ ਕਰਕੇ ਵਿਧਾਨ ਸਭਾ ਵਿੱਚ ਸਪੀਕਰ ਵੱਲੋਂ ਤਲਬ ਕਰਨਾ ਅਧਿਆਪਕਾਂ ਦੀ ਬੇਇੱਜ਼ਤੀ ਅਤੇ ਤੌਹੀਨ ਕਰਨਾ ਹੈ।

ਅਜੋਕੇ ਸਮੇਂ ਵਿੱਚ ਵਿਦਿਆਰਥੀਆਂ ਵਿੱਚ ਘਟ ਰਹੀ ਸਹਿਣਸ਼ੀਲਤਾ ਅਧਿਆਪਕ ਵਿਦਿਆਰਥੀਆਂ ਦੇ ਰਿਸ਼ਤਿਆਂ ਵਿੱਚ ਤਣਾਅ ਵਧਾਉਂਦੀ ਹੈ ।ਅੱਜ ਤੋਂ ਵੀਹ ਤੋਂ ਪੱਚੀ ਸਾਲ ਪਹਿਲਾਂ ਅਧਿਆਪਕ ਵਿਦਿਆਰਥੀ ਨੂੰ ਕੁੱਟ ਵੀ ਦਿੰਦਾ ਤਾਂ ਵਿਦਿਆਰਥੀ ਦੀ ਹਿੰਮਤ ਨਹੀਂ ਸੀ ਹੁੰਦੀ ਕਿ ਉਹ ਸੀ ਵੀ ਕਰ ਜਾਵੇ ਪ੍ਰੰਤੂ ਬਦਲਦੇ ਸਮੇਂ ਨੇ ਮਾਪਿਆਂ ਦੁਆਰਾ ਬੱਚੇ ਨੂੰ ਦਿੱਤੀ ਗਈ ਖੁੱਲ੍ਹ ਵਿਦਿਆਰਥੀਆਂ ਲਈ ਨਾਸੂਰ ਬਣ ਗਈ ਹੈ। ਮੇਰੇ ਦੋਸਤ ਅਧਿਆਪਕ ਦੇ ਸਕੂਲ ਵਿੱਚ ਵਾਪਰੀ ਘਟਨਾ ਇਹ ਦਰਸਾਉਣ ਦਾ ਯਤਨ ਕਰਦੀ ਹੈ ਕਿ ਅਜੋਕੇ ਸਮੇਂ ਵਿੱਚ ਵਿਦਿਆਰਥੀਆਂ ਅਤੇ ਉਹਨਾਂ ਦੇ ਮਾਪਿਆਂ ਦੀ ਸੋਚ ਵਿੱਚ ਕਿੰਨਾ ਨਿਘਾਰ ਆ ਚੁੱਕਿਆ ਹੈ। ਅਜੋਕੇ ਸਮੇਂ ਦੇ ਵਿਦਿਆਰਥੀ ਮਹਾਭਾਰਤ ਦੇ ਏਕਲਵਿਆ ਦੀ ਤਰ੍ਹਾਂ ਆਪਣੇ ਗੁਰੂ ਦਰੋਣਾਚਾਰੀਆ ਨੂੰ ਗੁਰੂ ਦੰਕਸ਼ਨਾ ਦੇ ਰੂਪ ਵਿੱਚ ਅੰਗੂਠਾ ਭੇਂਟ ਨਹੀਂ ਕਰਦੇ ਸਗੋਂ ਸਹਿਣਸ਼ੀਲਤਾ ਦੀ ਕਮੀਂ ਕਰਕੇ ਆਪਣੇ ਗੁਰੂ ਨੂੰ ਹੀ ਬੁਰਾ ਭਲਾ ਕਹਿੰਦੇ ਹੋਏ ਮਾਰ ਕੁੱਟ ਤੇ ਉੱਤਰ ਆਉਂਦੇ ਹਨ।ਮੇਰੇ ਇੱਕ ਅਧਿਆਪਕ ਦੋਸਤ ਨੇ ਬੜੇ ਦੁੱਖ ਨਾਲ ਦੱਸਿਆ ਕਿ ਉਸ ਦੇ ਸਕੂਲ ਵਿੱਚ ਇੱਕ ਅੱਠਵੀਂ ਜਮਾਤ ਦੇ ਵਿਦਿਆਰਥੀ ਨੇ ਇੱਕ ਸ਼ਰੀਰਕ ਸਿੱਖਿਆ ਦੇ ਅਧਿਆਪਕ ਦੇ ਇਸ ਗੱਲੋਂ ਚਪੇੜ ਮਾਰ ਦਿੱਤੀ ਕਿ ਅਧਿਆਪਕ ਨੇ ਸਾਰੀ ਜਮਾਤ ਸਾਹਮਣੇ ਵਿਦਿਆਰਥੀ ਨੂੰ ਝਿੜਕ ਦਿੱਤਾ। ਮਾਪੇ ਸਕੂਲ ਵਿੱਚ ਆਏ ਤਾਂ ਉਹਨਾਂ ਨੇ ਵੀ ਅਧਿਆਪਕ ਨੂੰ ਬੁਰਾ ਭਲਾ ਕਹਿਣਾ ਸ਼ੁਰੂ ਕਰ ਦਿੱਤਾ।ਬਦਲ ਰਹੇ ਸਮੇਂ ਦੀ ਇਹ ਤ੍ਰਾਸਦੀ ਹੈ ਕਿ ਜਦੋਂ ਅਧਿਆਪਕ ਦਾ ਮਾਣ ਸਤਿਕਾਰ ਅਤੇ ਇੱਜ਼ਤ ਕਾਇਮ ਨਹੀਂ ਰਹੇਗੀ ਤਾਂ ਭਵਿੱਖ ਵਿੱਚ ਕੋਈ ਵਿਦਿਆਰਥੀ ਕਦੇ ਵੀ ਅਧਿਆਪਕ ਬਣਨ ਬਾਰੇ ਨਹੀਂ ਸੋਚੇਗਾ। ਕੋਈ ਵੀ ਵਿਦਿਆਰਥੀ ਇਹ ਨਹੀਂ ਕਹੇਗਾ ਕਿ ਮੈਂ ਵੱਡਾ ਹੋ ਕੇ ਅਧਿਆਪਕ ਬਣਾਂਗਾ।ਇੱਕ ਅਧਿਆਪਕ ਦੀ ਝਿੜਕ ਪਿਆਰ ਭਰੀ ਅਤੇ ਵਿਦਿਆਰਥੀ ਦੀ ਗ਼ਲਤੀ ਸੁਧਾਰਨ ਲਈ ਹੁੰਦੀ ਹੈ, ਅਧਿਆਪਕਾਂ ਦੀ ਬੱਚਿਆਂ ਨਾਲ ਕੋਈ ਨਿੱਜੀ ਦੁਸ਼ਮਣੀ ਨਹੀਂ, ਉਹਨਾਂ ਨੇ ਵਿਦਿਆਰਥੀਆਂ ਤੋਂ ਕੀ ਲੈਣਾ,?ਉਹ ਤਾਂ ਆਪਣਾ ਸਮਝ ਕੇ ਝਿੜਕਦੇ ਹਨ, ਹੁਣ ਜ਼ੇਕਰ ਮਾਪੇ ਵੀ ਬੱਚਿਆਂ ਦੀ ਗ਼ਲਤੀ ਵਿੱਚ ਉਹਨਾਂ ਦਾ ਸਾਥ ਦੇਣਗੇ ਤਾਂ ਫ਼ਿਰ ਅਜਿਹੇ ਵਿਦਿਆਰਥੀਆਂ ਦਾ ਤਾਂ ਰੱਬ ਹੀ ਰਾਖਾ ਹੈ ਇਸੇ ਲਈ ਤਾਂ ਕਹਿੰਦੇ ਹਨ ਕਿ ਚੋਰ ਨੂੰ ਨਾ ਮਾਰੋ, ਸਗੋਂ ਚੋਰ ਦੀ ਮਾਂ ਨੂੰ ਮਾਰੋ ਜਿਸਨੇ ਆਪਣੇ ਬੱਚੇ ਨੂੰ ਪਹਿਲੀ ਚੋਰੀ ਕਰਨ ਬਾਅਦ ਨਹੀਂ ਰੋਕਿਆ।ਵਿਦਿਆਰਥੀ ਇੱਕ ਕੱਚੀ ਮਿੱਟੀ ਦੀ ਤਰ੍ਹਾਂ ਹੁੰਦਾ ਹੈ ਉਸ ਨੂੰ ਕਿਹੋ ਜਿਹਾ ਬਣਾਉਣਾ ਹੈ ਉਸਦੀ ਚੋਣ ਕਰਨਾ ਅਧਿਆਪਕਾਂ ਦੇ ਨਾਲ ਨਾਲ ਮਾਪਿਆਂ ਦੀ ਵੀ ਜ਼ਿੰਮੇਵਾਰੀ ਬਣਦੀ ਹੈ।

ਹਰ ਸਾਲ ਦੇਸ਼ ਦੇ ਪਹਿਲੇ ਉਪ ਰਾਸ਼ਟਰਪਤੀ ਅਤੇ ਦੂਜੇ ਰਾਸ਼ਟਰਪਤੀ ਡਾ ਸਰਵਪੱਲੀ ਰਾਧਾਕ੍ਰਿਸ਼ਨਨ(05 ਸਤੰਬਰ 1888 ਤੋਂ 17 ਅਪ੍ਰੈਲ 1975) ਜੀ ਦੇ ਜਨਮ ਦਿਨ ਨੂੰ ਅਧਿਆਪਕ ਦਿਵਸ ਵਜੋਂ ਮਨਾਇਆ ਜਾਂਦਾ ਹੈ।ਡਾ ਸਰਵ ਪੱਲੀ ਪੇਸ਼ੇ ਵਜੋਂ ਇੱਕ ਅਧਿਆਪਕ ਸਨ। ਅਧਿਆਪਕ ਦਿਵਸ ਤੇ ਹੋਣਹਾਰ ਅਤੇ ਅਗਾਂਹਵਧੂ ਅਧਿਆਪਕਾਂ ਨੂੰ ਰਾਜ਼ ਪੱਧਰ ਅਤੇ ਰਾਸ਼ਟਰੀ ਪੱਧਰ ਤੇ ਸਨਮਾਨਿਤ ਕੀਤਾ ਜਾਂਦਾ ਹੈ ਪਰੰਤੂ ਅਸਲ ਸਨਮਾਨ ਤਾਂ ਉਦੋਂ ਹੋਵੇਗਾ ਜਦੋਂ ਅਧਿਆਪਕ ਵਰਗ ਦੀਆਂ ਮੁਸ਼ਿਕਲਾਂ ਦਾ ਹੱਲ ਹੋਵੇਗਾ। ਸੁਪਰੀਮ ਕੋਰਟ ਨੇ ਗੁਜਰਾਤ ਸਰਕਾਰ ਵੱਲੋਂ ਸਹਾਇਕ ਪ੍ਰੋਫ਼ੈਸਰਾਂ ਨੂੰ ਘੱਟ ਤਨਖਾਹ ਦੇਣ ਦੇ ਮਾਮਲੇ ਵਿੱਚ ਟਿੱਪਣੀ ਕਰਦੇ ਕਿਹਾ ਕਿ ਜ਼ੇਕਰ ਵਿਦਿਆਰਥੀਆਂ ਦੇ ਭਵਿੱਖ ਬਣਾਉਣ ਵਾਲੇ ਅਧਿਆਪਕਾਂ ਨੂੰ ਉਚਿਤ ਸਨਮਾਨ ਅਤੇ ਤਨਖਾਹ ਨਹੀਂ ਦੇ ਸਕਦੇ ਤਾਂ ਅਧਿਆਪਕ ਲਈ ਗੁਰੂ ਬ੍ਰਹਮਾ, ਗੁਰੂ ਵਿਸ਼ਨੂੰ, ਗੁਰੂ ਦੇਵੋ ਮਹੇਸ਼ਵਰ ਦਾ ਪਾਠ ਕਰਨਾ ਬੇਕਾਰ ਹੈ।ਆਪਣੀ ਮੰਗਾਂ ਲਈ ਸੰਘਰਸ਼ ਦਾ ਰਾਹ ਫ਼ੜਨ ਵਾਲੇ ਅਧਿਆਪਕਾਂ ਦੀ ਸਾਰ ਲੈਣੀ ਬਹੁਤ ਜ਼ਰੂਰੀ ਅਤੇ ਸਮੇਂ ਦੀ ਮੁੱਖ ਮੰਗ ਹੈ।ਇਹ ਸਵਾਲ ਜ਼ਿਹਨ ਵਿੱਚ ਪੈਦਾ ਹੋ ਕੇ ਜ਼ਵਾਬ ਦੀ ਉਡੀਕ ਕਰਦਾ ਹੈ ਕਿ ਜਦੋਂ ਅਧਿਆਪਕ ਵਾਧੂ ਡਿਊਟੀਆਂ ਕਰੇਗਾ, ਸੜਕਾਂ ਤੇ ਰੁਲੇਗਾ ਤਾਂ ਸਕੂਲਾਂ ਵਿੱਚ ਬੱਚਿਆਂ ਨੂੰ ਪੜ੍ਹਾਏਗਾ ਕੌਂਣ? ਇਕ ਰਾਸ਼ਟਰ ਦੇ ਨਿਰਮਾਣ ਵਿੱਚ ਮਹੱਤਵਪੂਰਣ ਭੂਮਿਕਾ ਨਿਭਾਉਣ ਵਾਲਾ ਅਧਿਆਪਕ ਆਪਣਾ ਫਰਜ਼ ਨਿਭਾਉਣ ਦੇ ਨਾਲ ਨਾਲ ਇੱਜ਼ਤ ਅਤੇ ਸਨਮਾਨ ਦੀ ਵੀ ਮੰਗ ਕਰਦਾ ਹੈ।ਬੱਚਿਆਂ ਦਾ ਭਵਿੱਖ ਅਧਿਆਪਕਾਂ ਅਤੇ ਮਾਪਿਆਂ ਦੇ ਨਾਲ ਨਾਲ ਸਾਡੇ ਸਾਰਿਆਂ ਦੇ ਹੱਥ ਵਿੱਚ ਹੈ। ਬੱਚਿਆਂ ਨੂੰ ਕਿਹੋ ਜਿਹਾ ਬਣਾਉਣਾ ਚਾਹੁੰਦੇ ਹਾਂ ਚੰਗੇ ਜਾਂ ਬੁਰੇ ,ਇਹ ਚੋਣ ਅਸੀਂ ਕਰਨੀ ਹੈ।ਬੱਚਿਆਂ ਦੇ ਹੱਥ ਵਿੱਚ ਕਲਮ ਦੇਣੀ ਹੈ ਜਾਂ ਬੰਦੂਕ ਇਹ ਫ਼ੈਸਲਾ ਵੀ ਸਾਡਾ ਹੀ ਹੋਵੇਗਾ।

## ਐਵੇਂ ਹੀ ਨਹੀਂ ਹੁੰਦੇ ਪੰਜਾਬੀ ਦੇ ਅਧਿਆਪਕ



ਵਰਲਡ ਪੰਜਾਬੀ ਟਾਈਮਜ਼
ਪ੍ਰੋ. ਨਵ ਸੰਗੀਤ ਸਿੰਘ

ਆਮ ਤੌਰ 'ਤੇ ਪੰਜਾਬ ਦੇ ਸਕੂਲਾਂ, ਕਾਲਜਾਂ ਤੇ ਹੋਰ ਸਿੱਖਿਆ ਸੰਸਥਾਵਾਂ 'ਚ ਪੰਜਾਬੀ ਵਿਸ਼ਾ ਪੜ੍ਹਾਉਣ ਵਾਲੇ ਅਧਿਆਪਕਾਂ ਨੂੰ ਮਾਮੂਲੀ ਜਾਂ ਨਿਗੂਣੇ ਮੰਨਿਆ ਜਾਂਦਾ ਹੈ। ਸੰਸਥਾ ਦੇ ਮੁਖੀ ਦਾ ਖ਼ਿਆਲ ਹੁੰਦਾ ਹੈ ਕਿ ਵਿਦਿਆਰਥੀਆਂ ਨੂੰ ਪੰਜਾਬੀ ਪੜ੍ਹਾਉਣ ਦੀ ਕੋਈ ਲੋੜ ਨਹੀਂ ਹੁੰਦੀ, ਕਿਉਂਕਿ ਇਹ ਤਾਂ ਇਨ੍ਹਾਂ ਦੀ ਮਾਂ-ਬੋਲੀ ਹੈ ਤੇ ਉਹ ਆਪੇ ਏਧਰੋਂ-ਓਧਰੋਂ, ਘਰੋਂ-ਬਾਹਰੋਂ ਇਹਨੂੰ ਸਿੱਖ ਜਾਣਗੇ। ਹਾਲਾਂਕਿ ਅਸਲੀਅਤ ਇਸ ਤੋਂ ਬਿਲਕੁਲ ਵੱਖਰੀ ਹੈ। ਪੰਜਾਬੀ ਦੀ ਪੜ੍ਹਾਈ ਲਈ ਵਿਸ਼ੇਸ਼ ਉਪਰਾਲੇ ਕੀਤੇ ਜਾਣੇ ਚਾਹੀਦੇ ਹਨ, ਜੋ ਅਕਸਰ ਨਹੀਂ ਕੀਤੇ ਜਾਂਦੇ।

ਉਂਜ ਪੰਜਾਬੀ ਅਧਿਆਪਕਾਂ ਨੂੰ ਸਕੂਲਾਂ ਵਿੱਚ 'ਗਿਆਨੀ ਜੀ' ਕਹਿ ਕੇ ਸੰਬੋਧਨ ਕਰਨਾ ਉਨ੍ਹਾਂ ਨਾਲ ਮਜ਼ਾਕ ਦੇ ਤੁਲ ਹੁੰਦਾ ਹੈ। ਹੋਰ ਤਾਂ ਹੋਰ, ਪੰਜਾਬੀ ਦੇ ਅਧਿਆਪਕਾਂ ਬਾਰੇ ਇਹ ਸੋਚਿਆ ਜਾਂਦਾ ਹੈ ਕਿ ਇਨ੍ਹਾਂ ਨੂੰ ਹੋਰਨਾਂ ਵਿਸ਼ਿਆਂ ਖਾਸ ਕਰਕੇ ਅੰਗਰੇਜ਼ੀ ਬਾਰੇ ਕੋਈ ਜਾਣਕਾਰੀ ਨਹੀਂ ਹੁੰਦੀ। ਸਿੱਖਿਆ ਸੰਸਥਾਵਾਂ 'ਚ ਵਿਦਿਆਰਥੀ ਅੰਗਰੇਜ਼ੀ ਦੇ ਅਧਿਆਪਕ ਤੋਂ ਹੀ ਡਰਦੇ ਹੁੰਦੇ ਹਨ, ਪਰ ਕਦੇ-ਕਦਾਈਂ ਇਉਂ ਵੀ ਹੁੰਦਾ ਹੈ ਕਿ ਅੰਗਰੇਜ਼ੀ ਦਾ ਅਧਿਆਪਕ ਸਾਰੀ ਉਮਰ ਵਿਦਿਆਰਥੀਆਂ ਨੂੰ ਗ਼ਲਤ ਪੜ੍ਹਾਉਂਦਾ ਰਹਿੰਦਾ ਹੈ ਤੇ ਜੇ ਪੰਜਾਬੀ ਦਾ ਅਧਿਆਪਕ ਉਨ੍ਹਾਂ ਨੂੰ ਸੁਧਾਰਨ ਦੀ ਕੋਸ਼ਿਸ਼ ਕਰੇ ਤਾਂ ਉਸ ਨੂੰ ਅਹਿਮੀਅਤ ਨਹੀਂ ਦਿੱਤੀ ਜਾਂਦੀ। ਮੇਰੇ ਜੀਵਨ 'ਚ ਵਾਪਰੀਆਂ ਤਿੰਨ-ਚਾਰ ਘਟਨਾਵਾਂ ਦਾ ਇੱਥੇ ਜ਼ਿਕਰ ਕਰਨਾ ਚਾਹਾਂਗਾ।

ਮੈਂ ਉਦੋਂ ਛੇਵੀਂ ਜਮਾਤ 'ਚ ਸੀ, ਜਦੋਂ ਪਹਿਲੀ ਵਾਰ ਅੰਗਰੇਜ਼ੀ ਵਿਸ਼ਾ ਪੜ੍ਹਨਾ ਪਿਆ। ਪ੍ਰਬੁੱਧ ਪੰਜਾਬੀ ਅਧਿਆਪਕ ਦਾ ਲੜਕਾ ਹੋਣ ਕਰਕੇ ਮੈਂ ਅੰਗਰੇਜ਼ੀ ਵਿਸ਼ੇ ਵੱਲ ਵਧੇਰੇ ਧਿਆਨ ਦਿੰਦਾ ਸੀ। ਸਾਨੂੰ ਮਾਸਟਰ ਯੋਗਿੰਦਰ ਪਾਲ ਅੰਗਰੇਜ਼ੀ ਪੜ੍ਹਾਉਂਦੇ ਸਨ। ਉਨ੍ਹਾਂ ਨੇ 'ਥਰਸਟੀ ਕ੍ਰੋਅ' ਕਹਾਣੀ ਲਿਖਵਾਉਂਦੇ ਸਮੇਂ ਇਹ ਸਤਰ ਲਿਖਵਾਈ, ਜੋ ਅੱਜ ਅੱਧੀ ਸਦੀ ਤੋਂ ਬਾਅਦ ਵੀ ਮੈਨੂੰ ਇੰਨ-ਬਿੰਨ ਯਾਦ ਹੈ, "ਹੀ ਸਕੁਐਂਚਡ ਹਿਜ਼ ਥਰਸਟ ਐਂਡ ਫਲਿਊ ਅਵੇਅ।" (ਉਸ ਨੇ ਆਪਣੀ ਪਿਆਸ ਬੁਝਾਈ ਤੇ ਉੱਡ ਗਿਆ) ਮੈਂ ਘਰ ਆ ਕੇ ਇਹ ਕਹਾਣੀ ਪੜ੍ਹੀ, ਫਿਰ ਲਿਖੀ ਤੇ ਯਾਦ ਕਰਨ ਲੱਗ ਪਿਆ। ਮੇਰੇ ਪਿਤਾ ਸਾਡੇ ਸਕੂਲ 'ਚ ਪੰਜਾਬੀ ਦੇ ਸੀਨੀਅਰ ਅਧਿਆਪਕ ਸਨ। ਉਹ ਅਕਸਰ ਮੈਨੂੰ ਸਕੂਲ 'ਚ ਕਰਵਾਏ ਸਾਰੇ ਵਿਸ਼ਿਆਂ ਨੂੰ ਦੇਖਦੇ ਤੇ ਸੁਣਦੇ। ਜਦੋਂ ਉਨ੍ਹਾਂ ਨੇ ਮੇਰੇ ਮੂੰਹੋਂ 'ਸਕੁਐਂਚਡ' ਸ਼ਬਦ ਸੁਣਿਆ ਤਾਂ ਦੁਬਾਰਾ ਬੋਲਣ ਨੂੰ ਕਿਹਾ। ਮੈਂ ਫਿਰ ਉਹੀ ਸ਼ਬਦ ਬੋਲਿਆ, ਜੋ ਲਿਖਿਆ ਤੇ ਯਾਦ ਕੀਤਾ ਸੀ। ਫਿਰ ਪਿਤਾ ਜੀ ਨੇ ਮੇਰੀ ਕਾਪੀ ਦੇਖੀ, ਜਿਸ ਉੱਤੇ ਅਧਿਆਪਕ ਨੇ ਇਹ ਸ਼ਬਦ ਲਿਖਾਇਆ ਸੀ ਤੇ ਉਸ 'ਤੇ ਸਹੀ ਪਾਈ ਸੀ। ਪਿਤਾ ਜੀ ਨੇ ਮੈਨੂੰ ਦੱਸਿਆ ਕਿ 'ਸਕੁਐਂਚਡ' ਕੋਈ ਸ਼ਬਦ ਨਹੀਂ ਹੁੰਦਾ ਸਗੋਂ 'ਕੁਐਂਚਡ' ਹੁੰਦਾ ਹੈ।

ਮੈਂ ਪਿਤਾ ਜੀ ਦੇ ਦੱਸੇ ਅਨੁਸਾਰ 'ਕੁਐਂਚਡ' ਯਾਦ ਕਰ ਲਿਆ ਤੇ ਅਗਲੇ ਦਿਨ ਜਮਾਤ-ਟੈਸਟ 'ਚ ਅਧਿਆਪਕ ਨੂੰ ਆਪਣੇ ਮੁਤਾਬਕ ਠੀਕ ਯਾਦ ਕੀਤਾ (ਕੁਐਂਚਡ) ਲਿਖ ਕੇ ਵਿਖਾ ਦਿੱਤਾ। ਯੋਗਿੰਦਰ ਪਾਲ ਜੀ ਨੇ ਫਿਰ ਮੇਰੇ ਵਾਲਾ ਸ਼ਬਦਜੋੜ ਕੱਟ ਕੇ ਆਪਣੇ ਮੁਤਾਬਕ (ਸਕੁਐਂਚਡ) ਲਿਖ ਦਿੱਤਾ। ਜਦੋਂ ਮੈਂ ਦੱਸਿਆ ਕਿ ਮੇਰੇ ਪਿਤਾ ਜੀ ਨੇ ਇਹ ਠੀਕ ਕਰਵਾਇਆ ਹੈ ਤਾਂ ਉਨ੍ਹਾਂ ਨੇ ਕਿਹਾ ਕਿ, 'ਸਕੁਐਂਚਡ' ਹੀ ਹੁੰਦਾ ਹੈ। ਖ਼ੈਰ, ਮੇਰੇ ਪਿਤਾ ਜੀ ਹੈੱਡਮਾਸਟਰ ਕੋਲ ਗਏ, ਜੋ ਅੰਗਰੇਜ਼ੀ ਦੇ ਮਾਹਿਰ ਸਨ। ਉਨ੍ਹਾਂ ਨੇ ਹੈੱਡਮਾਸਟਰ ਨੂੰ ਸਾਰੀ ਗੱਲ ਦੱਸੀ ਤਾਂ ਹੈੱਡਮਾਸਟਰ ਨੇ ਮਾਸਟਰ ਯੋਗਿੰਦਰ ਪਾਲ ਨੂੰ ਸੱਦ ਕੇ ਕਿਹਾ ਕਿ ਤੇਰਾ ਸ਼ਬਦ-ਜੋੜ ਗ਼ਲਤ ਹੈ ਤੇ ਗਿਆਨੀ ਜੀ ਦਾ ਸਹੀ। ਫਿਰ ਕਿਤੇ ਜਾ ਕੇ ਸਾਡੇ ਅੰਗਰੇਜ਼ੀ ਅਧਿਆਪਕ ਨੇ ਸਵੀਕਾਰਿਆ, ਨਹੀਂ ਤਾਂ ਉਹ ਮੇਰੇ ਪਿਤਾ ਜੀ ਨੂੰ 'ਗਿਆਨੀ ਮਾਸਟਰ' ਹੀ ਸਮਝੀ ਬੈਠਾ ਸੀ ।

ਇੰਜ ਹੀ ਮੇਰੀ ਬੇਟੀ ਨੂੰ ਸੱਤਵੀਂ ਜਮਾਤ ਦੇ ਅੰਗਰੇਜ਼ੀ ਅਧਿਆਪਕ ਨੇ ਨੋਬਲ ਪੁਰਸਕਾਰਾਂ ਬਾਰੇ ਜਾਣਕਾਰੀ ਲਿਖਾਉਂਦਿਆਂ ਇਸ ਦੇ ਜਨਮਦਾਤਾ ਦਾ ਨਾਂ 'ਐਲਫਰੈਂਡ ਨੋਬਲ' ਦੱਸਿਆ, ਜਿਸ ਵਿਚ 'ਨੋਬਲ' ਦੇ ਗ਼ਲਤ ਸ਼ਬਦ-ਜੋੜ 'ਐੱਨ ਓ ਬੀ ਐੱਲ ਈ' ਲਿਖਵਾਏ। ਮੈਂ (ਆਪਣੇ ਪਿਤਾ ਅਨੁਸਾਰ) ਸ਼ਾਮ ਨੂੰ ਜਦੋਂ ਬੇਟੀ ਦੀ ਨੋਟਬੁੱਕ ਚੈੱਕ ਕੀਤੀ ਤਾਂ ਉਸ ਨੂੰ ਦੱਸਿਆ ਕਿ ਇੱਥੇ 'ਨੋਬਲ' ਦੇ ਸ਼ਬਦ-ਜੋੜ 'ਐੱਨ ਓ ਬੀ ਈ ਐੱਲ' ਚਾਹੀਦੇ ਹਨ। ਅਗਲੇ ਦਿਨ ਜਦੋਂ ਬੇਟੀ ਨੇ ਅਧਿਆਪਕ ਨੂੰ ਸਹੀ ਸ਼ਬਦ-ਜੋੜ ਵਾਲੀ ਕਾਪੀ ਦਿਖਾਈ ਤਾਂ ਉਸ ਨੇ ਕੱਟ ਕੇ 'ਐੱਨ ਓ ਬੀ ਐੱਲ ਈ' ਕਰ ਦਿੱਤੇ ।

ਮੈਂ ਸਕੂਲ ਜਾ ਕੇ ਅਧਿਆਪਕ ਨੂੰ ਮਿਲਿਆ ਤੇ ਉਸ ਨੂੰ ਗ਼ਲਤੀ ਠੀਕ ਕਰਨ ਲਈ ਆਖਿਆ, ਪਰ ਓਹਨੇ ਤੈਸ਼ 'ਚ ਆ ਕੇ ਮੈਨੂੰ ਅੰਗਰੇਜ਼ੀ ਦੇ ਸ਼ਬਦਜੋੜਾਂ ਵਾਲੀ ਡਿਕਸ਼ਨਰੀ ਕੱਢ ਦਿਖਾਈ। ਮੈਂ ਸਮਝਾਇਆ ਕਿ ਇਹ ਖਾਸ ਨਾਂਵ ਹੈ ਤੇ ਖਾਸ ਨਾਂਵ ਡਿਕਸ਼ਨਰੀ ਵਿੱਚ ਨਹੀਂ ਹੁੰਦੇ, ਇਥੇ 'ਨੋਬਲ' ਨਹੀਂ 'ਨੋਬੈੱਲ' ਹੈ ਪਰ ਉਹ ਨਾ ਮੰਨਿਆ। ਅਖ਼ੀਰ ਮੈਨੂੰ ਪ੍ਰਿੰਸੀਪਲ ਕੋਲ ਸ਼ਿਕਾਇਤ ਕਰਨੀ ਪਈ ਕਿ ਤੁਹਾਡਾ ਅੰਗਰੇਜ਼ੀ ਦਾ ਅਧਿਆਪਕ ਗ਼ਲਤ ਸ਼ਬਦ-ਜੋੜ ਨੂੰ ਸਹੀ ਮੰਨ ਰਿਹਾ ਹੈ। ਪ੍ਰਿੰਸੀਪਲ ਦੇ ਕਹਿਣ 'ਤੇ ਸਬੰਧਿਤ ਅਧਿਆਪਕ ਨੇ ਆਪਣੀ ਗ਼ਲਤੀ ਪ੍ਰਵਾਨ ਕਰ ਲਈ।

ਇਕ ਹੋਰ ਘਟਨਾ ਮੇਰੇ ਕਾਲਜ ਦੀ ਹੈ। ਕਾਲਜ-ਪ੍ਰਿੰਸੀਪਲ ਬਾਇਓਲੌਜੀ ਦਾ ਪੀਐੱਚਡੀ ਸੀ ਤੇ ਉਸ ਨੂੰ ਆਪਣੀ ਅੰਗਰੇਜ਼ੀ 'ਤੇ ਬੜਾ ਮਾਣ ਸੀ। ਇਹ ਵੱਖਰੀ ਗੱਲ ਹੈ ਕਿ ਕਾਲਜ ਦੇ ਸਾਰੇ ਛੋਟੇ-ਵੱਡੇ ਸਮਾਗਮਾਂ 'ਚ ਉਹ ਮੈਨੂੰ ਹੀ ਮੰਚ-ਸੰਚਾਲਨ ਲਈ ਕਹਿੰਦਾ ਸੀ, ਕਿਉਂਕਿ ਅੰਗਰੇਜ਼ੀ ਦਾ ਅਧਿਆਪਕ ਮੰਚ 'ਤੇ ਚੜ੍ਹਨ ਤੋਂ ਤ੍ਰਹਿੰਦਾ ਸੀ। ਦੂਜਾ ਉਹਦੀ ਅੰਗਰੇਜ਼ੀ ਸਰੋਤਿਆਂ ਦੇ ਸਿਰਾਂ ਉੱਤੋਂ ਦੀ ਲੰਘ ਜਾਂਦੀ ਸੀ। ਪ੍ਰਿੰਸੀਪਲ ਨੇ ਕਾਲਜ ਦਾ ਪ੍ਰਾਸਪੈਕਟਸ ਛਪਵਾਉਣਾ ਸੀ ਤੇ ਉਹਨੇ ਆਪਣੇ ਵੱਲੋਂ ਕਾਲਜ ਬਾਰੇ ਮੁੱਖ ਪੰਨੇ 'ਤੇ ਜਾਣਕਾਰੀ ਦੇਣੀ ਸੀ, ਜੋ ਉਸ ਨੇ ਅੰਗਰੇਜ਼ੀ ਦਾ ਮਾਹਿਰ ਹੋਣ ਕਰਕੇ ਅੰਗਰੇਜ਼ੀ 'ਚ ਹੀ ਲਿਖੀ ਤੇ ਸਿਰਲੇਖ ਬਣਾਇਆ 'ਅਬਾਊਟ ਕਾਲਜ'।

ਮੈਂ ਅਚਾਨਕ ਉਹਦੇ ਦਫ਼ਤਰ ਗਿਆ ਤਾਂ ਉਹਨੇ ਮੈਨੂੰ ਆਪਣਾ ਲਿਖਿਆ ਨੋਟ ਦਿਖਾਇਆ। ਮੈਂ ਸਿਰਲੇਖ ਪੜ੍ਹਦੇ ਸਾਰ ਉਹਨੂੰ ਵਾਪਸ ਦਿੰਦਿਆਂ ਕਿਹਾ ਕਿ ਇੱਥੇ 'ਅਬਾਊਟ ਦਿ ਕਾਲਜ' ਚਾਹੀਦਾ ਹੈ। ਉਹਨੂੰ ਜਾਪਿਆ ਕਿ ਇਹ ਤਾਂ ਪੰਜਾਬੀ ਦਾ ਅਧਿਆਪਕ ਹੈ, ਇਹਨੂੰ ਕਿੱਥੇ ਅੰਗਰੇਜ਼ੀ ਆਉਂਦੀ ਹੋਵੇਗੀ! ਮੇਰੇ ਉੱਥੇ ਬੈਠਿਆਂ ਹੀ ਉਹਨੇ ਅੰਗਰੇਜ਼ੀ ਦੇ ਅਧਿਆਪਕ ਨੂੰ ਸੱਦ ਕੇ ਪੁੱਛਿਆ ਕਿ ਇਸ ਵਿਚ ਕੋਈ ਗ਼ਲਤੀ ਤਾਂ ਨਹੀਂ। ਅੰਗਰੇਜ਼ੀ ਦੇ ਅਧਿਆਪਕ ਨੇ ਦੇਖਦੇ ਸਾਰ ਸਭ ਤੋਂ ਪਹਿਲਾਂ ਇਹੀ ਕਿਹਾ, "ਸਿਰਲੇਖ ਹੀ ਗ਼ਲਤ ਹੈ। ਦੋਵਾਂ ਸ਼ਬਦਾਂ ਵਿਚਾਲੇ 'ਦਿ' ਆਏਗਾ।" ਪ੍ਰਿੰਸੀਪਲ ਮੇਰੇ ਮੂਹਰੇ ਛਿੱਥਾ ਜਿਹਾ ਪੈ ਗਿਆ।

ਆਖਰੀ ਗੱਲ, ਮੇਰੀ ਅਹੁਦੇ 'ਚ ਤਰੱਕੀ ਦੀ ਇੰਟਰਵਿਊ ਵੀਸੀ ਦਫ਼ਤਰ 'ਚ ਸੀ, ਜਿੱਥੇ ਖੁਦ ਵੀਸੀ ਤੇ ਤਿੰਨ-ਚਾਰ ਹੋਰ ਵਿਸ਼ਾ ਮਾਹਿਰ ਬਿਰਾਜਮਾਨ ਸਨ। ਵੀਸੀ ਖੁਦ ਅਤੇ ਹੋਰਾਂ ਤੋਂ ਅੰਗਰੇਜ਼ੀ ਬੋਲਣ ਦੀ ਆਸ ਰੱਖਦਾ ਸੀ। ਮੈਨੂੰ ਇਸ ਗੱਲ ਦਾ ਇਲਮ ਸੀ। ਇਸ ਲਈ ਮੈਂ ਉਸ ਵੱਲੋਂ ਪੰਜਾਬੀ 'ਚ ਪੁੱਛੇ ਸਾਰੇ ਸਵਾਲਾਂ ਦੇ ਜਵਾਬ ਅੰਗਰੇਜ਼ੀ ਵਿਚ ਦਿੱਤੇ। ਵੀਸੀ ਨੇ ਨੇੜੇ ਬੈਠੇ ਸਾਡੇ ਕਾਲਜ-ਪ੍ਰਿੰਸੀਪਲ ਸਾਹਵੇਂ ਮੇਰੀ ਖੂਬ ਪ੍ਰਸ਼ੰਸਾ ਕੀਤੀ ਤੇ ਕਿਹਾ, "ਆਪਣੇ ਕਾਲਜ ਦੇ ਹੋਰ ਅਧਿਆਪਕਾਂ ਨੂੰ ਵੀ ਕਹਿ ਕਿ ਇਸ ਪੰਜਾਬੀ ਦੇ ਅਧਿਆਪਕ ਤੋਂ ਹੀ ਅੰਗਰੇਜ਼ੀ ਬੋਲਣੀ ਸਿੱਖ ਲੈਣ।" ਇਸ ਤਰ੍ਹਾਂ ਮੇਰਾ ਮੰਨਣਾ ਹੈ ਕਿ ਜੋ ਅਧਿਆਪਕ ਮਾਤ ਭਾਸ਼ਾ (ਪੰਜਾਬੀ) 'ਚ ਨਿਪੁੰਨ ਹੋਵੇਗਾ, ਅਸਲ 'ਚ ਉਹੀ ਹੋਰਨਾਂ ਭਾਸ਼ਾਵਾਂ ਨੂੰ ਚੰਗੀ ਤਰ੍ਹਾਂ ਸਿੱਖਣ ਵਿਚ ਦਿਲਚਸਪੀ ਲਵੇਗਾ। ਪੰਜਾਬੀ ਦੇ ਅਧਿਆਪਕਾਂ ਨੂੰ ਮਾਮੂਲੀ, ਨਿਗੂਣੇ ਜਾਂ ਐਵੇਂ ਹੀ ਨਹੀਂ ਸਮਝਣਾ ਚਾਹੀਦਾ।

## ਅਧਿਆਪਕ ਸੂਰਜ ਦਾ ਸਿਰਨਾਵਾਂ

ਅਧਿਆਪਕ ਸੂਰਜ ਦਾ ਸਿਰਨਾਵਾਂ।
ਅਧਿਆਪਕ ਮੰਜ਼ਿਲ ਦੀਆਂ ਰਾਵ੍ਹਾਂ।
ਅਧਿਆਪਕ ਮਾਤਾ ਪਿਤਾ ਤੇ ਦੋਸਤ।
ਅਧਿਆਪਕ ਸਿਰ 'ਤੇ ਹੱਥ ਦੀ ਉਲਫਤ।

ਅਧਿਆਪਕ ਪੁਲ ਮਾਝੀ ਤੇ ਰਹਿਬਰ।
ਅਧਿਆਪਕ ਉਡਦੇ ਬੋਟਾ ਦੇ ਪਰ।
ਅਧਿਆਪਕ ਸੁੱਖ ਅਸੀਸਾਂ ਦੀ ਦਾਤ।
ਅਧਿਆਪਕ ਨੇਰ੍ਹੇ ਵਿਚ ਪ੍ਰਭਾਤ।

ਅਧਿਆਪਕ ਤੀਜੀ ਅੱਖ ਦੀ ਲੋਰੀ।
ਅਧਿਆਪਕ ਉਡਦੀ ਗੁੱਡੀ ਦੀ ਡੋਰੀ।
ਅਧਿਆਪਕ ਮੰਦਿਰ ਵਰਗੀ ਪੂਜਾ।
ਅਧਿਆਪਕ ਅੰਬਰ ਵਾਂਗੂ ਗੂੜ੍ਹਾ।




ਅਧਿਆਪਕ ਗੂੰਗੇ ਦੀ ਸ਼ਬਦਾਵਲੀ।
ਅਧਿਆਪਕ ਸ਼ਬਦਾਂ ਦੀ ਅਰਥਾਵਲੀ।
ਅਧਿਆਪਕ ਸੰਘਣੇ ਰੁੱਖ ਦੀ ਛਾਂ ਜਿਹਾ।
ਅਧਿਆਪਕ ਸੁਲਝੀ ਹੋਈ ਮਾਂ ਜਿਹਾ।

ਅਧਿਆਪਕ ਪਰਬਤ ਵਾਲੀ ਪੌੜੀ।
ਅਧਿਆਪਕ ਆਸ਼ਾ ਲੰਬੀ ਚੌੜੀ।
ਅਧਿਆਪਕ ਵਿਦਿਆ ਵਾਲਾ ਪਾਰਸ।
ਅਧਿਆਪਕ ਵਿਰਸੇ ਦਾ ਵੀ ਵਾਰਸ।

ਅਧਿਆਪਕ ਪਿਆਸੇ ਲਈ ਜਿਉਂ ਪਾਣੀ।
ਅਧਿਆਪਕ ਜੀਵਨ ਦੀ ਜ਼ਿੰਦਗਾਨੀ।
ਅਧਿਆਪਕ ਲੱਖਾਂ ਹੱਥਾਂ ਦਾ ਹੱਥ।
ਅਧਿਆਪਕ ਅੱਖਰ ਜਨਨੀ ਸਮਰੱਥ।

ਅਧਿਆਪਕ ਸੰਕਲਪ ਸ਼ਕਤੀ ਗੁਰੂ।
ਅਧਿਆਪਕ ਉਨਤੀ ਭਗਤੀ ਆਬਰੂ।
ਅਧਿਆਪਕ 'ਬਾਲਮ' ਗਮ ਵਿਚ ਹਾਸਾ।
ਅਧਿਆਪਕ ਜੰਨਤ ਵਰਗਾ ਵਾਸਾ।

ਵਰਲਡ ਪੰਜਾਬੀ ਟਾਈਮਜ਼
ਬਲਵਿੰਦਰ 'ਬਾਲਮ' ਗੁਰਦਾਸਪੁਰ